*ਸੰਪਾਦਕੀ*

# ਕਲਮਕਾਰ ਦਾ ਬਿਖੜਾ ਪੈਂਡਾ



ਆਮ ਹੀ ਸੁਣਨ ਨੂੰ ਮਿਲਦਾ ਹੈ-ਤਲਵਾਰ ਨਾਲੋਂ ਕਲਮ ਵੱਧ ਬਲਵਾਨ ਹੈ। ਪਰ ਜਿਹੜੀ ਕਲਮ ਸਾਹਿਤ, ਇਤਿਹਾਸ, ਅਰਥ ਵਿਗਿਆਨ ਸਮੇਤ ਕਿੰਨੇ ਹੀ ਖੇਤਰਾਂ ਵਿੱਚ ਪਾਠਕਾਂ ਲਈ ਅੱਖਰਾਂ ਦੀ ਦੁਨੀਆਂ ਪੇਸ਼ ਕਰਦੀ ਹੈ, ਉਸ ਨੂੰ ਅਸੀਂ ਕਲਮਕਾਰ/ ਲੇਖਕ ਦਾ ਨਾਂ ਦੇ ਦਿੰਦੇ ਹਾਂ। ਲੇਖਕ ਵੀ ਖ਼ੁਦ ਨੂੰ ਆਮ ਨਾਂਵ ਤੋਂ ਖ਼ਾਸ ਨਾਂਵ ਵਿੱਚ ਤਬਦੀਲ ਹੁੰਦਾ ਹੋਇਆ ਉੱਚੀ ਅੱਡੀ ਕਰਕੇ ਤੁਰਦਾ ਹੈ। ਕਿਸੇ ਨਾ ਕਿਸੇ ਸਾਹਿਤ ਸਭਾ ਨਾਲ ਜੁੜ ਕੇ ਨਵਾਂ ਸਾਹਿਤਕਾਰ ਵਾਹ-ਵਾਹ ਖੱਟਦਾ ਹੈ ਅਤੇ ਸਾਹਿਤ ਜਗਤ ਦੀ ਝੋਲੀ ਵਿੱਚ ਪਲੇਠੀ ਪੁਸਤਕ ਅਰਪਣ ਕਰ ਦਿੰਦਾ ਹੈ। ਪ੍ਰਕਾਸ਼ਕ ਤੱਕ ਪਹੁੰਚ ਕਰ ਕੇ ਗੇੜੇ ਤੇ ਗੇੜਾ ਕੱਢੀ ਜਾਂਦਾ ਹੈ, ਘਰੇਲੂ ਲੋੜਾਂ ਦੀ ਪੂਰਤੀ ਲਈ ਰੱਖੀ ਰਕਮ ਪ੍ਰਕਾਸ਼ਕ ਮੂਹਰੇ ਰੱਖ ਕੇ ਮੱਥਾ ਟੇਕਦਾ ਹੈ ਤਾਂ ਉਸ ਦੇ ਹੱਥ ਵਿੱਚ ਪੁਸਤਕ ਦੀਆਂ ਸੌ, ਦੋ ਸੌ ਕਾਪੀਆਂ ਫੜਾ ਦਿੱਤੀਆਂ ਜਾਂਦੀਆਂ ਹਨ। ਅਜਿਹਾ ਵਿਅਕਤੀ ਲੇਖਕਾਂ ਦੀ ਸੂਚੀ ਵਿੱਚ ਸ਼ਾਮਲ ਹੋ ਕੇ 'ਅਕਾਸ਼ ਵਿੱਚ ਉਡਾਰੀਆਂ' ਮਾਰਦਾ ਹੈ। ਫਿਰ ਸਮਾਗਮ ਰੱਖਿਆ ਜਾਂਦਾ ਹੈ- 'ਦੁਲਹਣ' ਦੀ ਘੁੰਡ ਚੁਕਾਈ ਦਾ। ਦੁਲਹਾ ਤਾਂ ਲੇਖਕ ਹੀ ਹੁੰਦਾ ਹੈ। ਰੈਸਟੋਰੈਂਟ ਜਾਂ ਕਿਸੇ ਵਿਸ਼ੇਸ਼ ਸਥਾਨ 'ਤੇ ਵਿਆਹ ਵਾਲਾ ਮਾਹੌਲ ਸਿਰਜਿਆ ਜਾਂਦਾ ਹੈ। ਲੇਖਕਾਂ ਤੋਂ ਇਲਾਵਾ ਕਈ ਵਾਰ ਰਿਸ਼ਤੇਦਾਰ ਵੀ ਸੱਦੇ ਜਾਂਦੇ ਹਨ ਤਾਂ ਕਿ ਮਹਿਫ਼ਲ ਨੂੰ ਚਾਰ ਚੰਨ ਲੱਗ ਜਾਣ। ਇਸ ਮੌਕੇ ਪੁਸਤਕ ਦੀ ਭੂਮਿਕਾ ਲਿਖਣ ਵਾਲਾ 'ਵਿਦਵਾਨ' ਪਰਚਾ ਪੜ੍ਹਦਾ ਹੈ, ਕਈ ਬੁਲਾਰੇ ਹਾਜ਼ਰੀ ਭਰਦੇ ਹਨ। ਪਰਚਾ ਪੜ੍ਹਨ ਵਾਲੇ ਲਈ ਲਿਫ਼ਾਫਾ, ਬਾਕੀਆਂ ਲਈ ਕਈ ਕਿਸਮਾਂ ਦੇ ਪਕਵਾਨ ਪਰੋਸੇ ਜਾਂਦੇ ਹਨ। ਦਾਰੂ ਪੀਣ ਵਾਲੇ ਆਪਣਾ ਪ੍ਰਬੰਧ ਕਰਵਾ ਹੀ ਲੈਂਦੇ ਹਨ। ਕੋਈ ਰਸੂਖਵਾਨ (ਲੇਖਕ/ਗੈਰ ਲੇਖਕ) ਪੁਸਤਕ ਦੀ ਘੁੰਡ ਚੁਕਾਈ ਕਰਦਾ ਹੈ, ਤਾੜੀਆਂ ਦੇ ਸ਼ੋਰ ਵਿੱਚ ਹਾਜ਼ਰੀਨ ਮੁਫ਼ਤ ਪੁਸਤਕਾਂ ਪ੍ਰਾਪਤ ਕਰਦੇ ਹਨ। ਅਖਬਾਰਾਂ ਵਾਲੇ ਖ਼ਬਰ ਲਿਖਦੇ ਵਕਤ ਪੁਸਤਕ ਦੇ ਲੇਖਕ ਨੂੰ ਵੰਗਾਰ ਮਾਰਦੇ ਹਨ- ਸਾਡਾ ਖਿਆਲ ਵੀ



ਰੱਖਣਾ। ਪੁਸਤਕ ਨੂੰ ਰਿਵੀਊ ਲਈ ਅਖ਼ਬਾਰਾਂ, ਰਸਾਲਿਆਂ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ। ਰਿਵੀਊ ਛੱਪਣ ਉਪਰੰਤ ਲੇਖਕ ਉਤਸ਼ਾਹਤ ਹੋ ਕੇ ਅਗਲੀ ਪੁਸਤਕ ਦੀ ਤਿਆਰੀ ਵਿੱਚ ਦਿੰਦਾ ਹੈ। ਇਸ ਵਾਰ ਗੋਸ਼ਟੀ ਸਮਾਰੋਹ ਦਾ ਆਯੋਜਨ ਵੀ ਹੋ ਜਾਂਦਾ ਹੈ। ਕਿਸੇ ਵਿਦਵਾਨ ਅੱਗੇ ਤਰਲਾ ਮਾਰਿਆ ਜਾਂਦਾ ਹੈ। ਵਿਦਵਾਨ ਆਪਣਾ ਲੈਵਲ (ਪੱਧਰ) ਬਿਆਨ ਕਰਦਾ ਕਹਿੰਦਾ ਹੈ- 'ਟਾਇਮ ਤਾਂ ਨਹੀਂ ਆਪਣੇ ਪਾਸ। ਹਰ ਲੇਖਕ ਪਰਚਾ ਪੜ੍ਹਨ ਲਈ ਜਾਂ ਜ਼ੁਬਾਨੀ ਭਾਸ਼ਣ ਲਈ ਬੇਨਤੀ ਕਰਦਾ ਏ। ਲਿਫ਼ਾਫੇ ਵੀ ਮਿਲਦੇ ਹਨ ਮਤਲਬ ਮਾਣ ਭੇਟਾ। ਲਓ ਜੀ, ਤੁਹਾਡੇ ਪਿਆਰ ਕਰਕੇ ਤੁਹਾਡੀ ਕਿਤਾਬ ਮੈਂ ਆਪਣੇ ਸਿਰਹਾਣੇ ਰੱਖ ਲਈ ਹੈ। ਤੁਹਾਨੂੰ ਸਥਾਪਤ ਲੇਖਕ ਬਣਾ ਕੇ ਹੀ ਦਮ ਲਵਾਂਗੇ।' ਇਹ ਲੜੀ ਚਲਦੀ ਰਹਿੰਦੀ ਹੈ- ਲੇਖਕ ਪੰਜ ਸੱਤ ਪੁਸਤਕਾਂ ਦਾ ਰਚੇਤਾ ਬਣ ਕੇ 'ਸਮਰੱਥ' ਲੇਖਕ ਬਣ ਜਾਂਦਾ ਹੈ। ਘਰ ਦੀ ਆਰਥਿਕਤਾ ਦੀਆਂ ਚੂਲਾਂ ਹਿੱਲ ਜਾਂਦੀਆਂ ਹਨ। ਬੱਚੇ ਜਵਾਨ ਹੋ ਜਾਂਦੇ ਹਨ, ਰੁਜ਼ਗਾਰ ਦੀ ਭਾਲ ਕਰਦੇ ਕਰਦੇ ਨਸ਼ਈ ਬਣ ਜਾਂਦੇ ਹਨ। ਪਤਨੀ ਦੀ ਜ਼ਿੰਦਗੀ ਨਰਕ ਭੋਗਣ ਵਾਲੀ ਹੋ ਜਾਂਦੀ ਹੈ।

## ਨਾਟਕਕਾਰ ਦੀ ਹਾਲਤ

ਕਈ ਸਾਲ ਨਾਟਕ ਲਿਖਣ ਅਤੇ ਮੰਚਨ ਕਰਨ ਬਾਅਦ ਇੱਕ ਨਾਟਕਕਾਰ ਨੇ ਰੋਣਾ ਧੋਣਾ ਇੰਜ ਕੀਤਾ -

1. ਪਹਿਲਾਂ ਨਾਟਕ ਲਿਖੋ, ਕਿਤਾਬ ਛਪਵਾਓਗੇ-ਪ੍ਰਕਾਸ਼ਕ ਆਏ ਸਾਲ ਰੇਟ ਵਧਾਈ ਜਾਂਦਾ ਹੈ।

2. ਨਾਟਕ ਕਿਸੇ ਥਾਂ ਖੇਡਣਾ ਹੈ ਤਾਂ ਰਿਹਰਸਲਾਂ ਕਰਵਾਉਣ ਉਪਰੰਤ ਮੰਚਨ ਬਾਅਦ ਅਦਾਕਾਰ (ਪਾਤਰ) ਕਹਿੰਦੇ ਹਨ - ਕੁੱਝ ਸਾਡੇ ਪੱਲੇ ਵੀ ਪਾਓ। ਸਾਡਾ ਤੋਰੀ/ ਫੁਲਕਾ ਚਲਦਾ ਰਹੇ।

3. ਸਾਊਂਡ, ਟੈਂਟ ਅਤੇ ਲਾਈਟਾਂ ਵਾਲੇ ਕਹਿੰਦੇ ਹਨ - ਮਹਿੰਗਾਈ ਅਰਸ਼ਾਂ ਵੱਲ ਜਾ ਰਹੀ ਏ, ਕੁੱਝ ਸਾਡਾ ਵੀ ਸੋਚੋ!

4. ਪੱਤਰਕਾਰ ਹਰੇਕ ਸਾਲ ਕੋਈ ਸਪਲੀਮੈਂਟ ਕੱਢ ਕੇ ਫੁਰਮਾਨ ਜਾਰੀ ਕਰਦੇ ਹਨ- ਨਾਟਕਕਾਰ ਸਾਹਿਬ, ਸਹਿਯੋਗ ਦਿਓ ਜ਼ਰਾ ਦਿਲ ਖੋਹਲ ਕੇ।

5. ਨਾਟਕਕਾਰ ਆਪਣੀ ਕਿਸੇ ਪੁਸਤਕ 'ਤੇ ਗੋਸ਼ਟੀ ਕਰਵਾਏ ਤਾਂ 'ਵਿਦਵਾਨ' ਲੋਕ ਬੜੇ ਮਾਣ ਨਾਲ ਬੋਲਦੇ ਹਨ- ਪਿਛਲੀ ਵਾਰ 5100 ਰੁਪਏ ਦਿੱਤੇ ਸੀ, ਇਸ ਵਾਰ ਗਿਆਰਾਂ ਹਜ਼ਾਰ ਤਾਂ ਕਰ ਦਿਓ।

ਨਾਟਕਕਾਰ ਸੋਚਦਾ ਹੈ- ਕਿੱਥੇ ਚੋਰੀ ਕਰਾਂ? ਚੋਰੀ ਕਰਨ ਦੀ ਕਲਾ ਹੀ ਨਹੀਂ ਹੈ।

6. ਨਾਟਕਕਾਰ ਦੇ ਲੋਕ ਸਰੋਕਾਰਾਂ ਵਾਲੇ ਨਾਟਕ ਕਿਸੇ ਰਾਜਸੀ ਲੀਡਰ ਨੂੰ ਪਰੇਸ਼ਾਨ ਕਰਦੇ ਹਨ ਤਾਂ ਖੁਫ਼ੀਆ ਵਾਲੇ ਨਾਟਕਕਾਰ ਨੂੰ ਘੇਰਨ ਲਈ ਆ ਧਮਕਦੇ ਹਨ। ਨਾਟਕਕਾਰ ਨੂੰ ਲੋਕਾਂ ਤੋਂ ਹਮਾਇਤ ਦੀ ਕੋਈ ਆਸ ਨਹੀਂ ਜੋ ਆਪਣੀ ਕੋਠੀ 'ਤੇ ਕਰੋੜ ਲਾ ਸਕਦੇ ਹਨ ਪਰ ਕਿਤਾਬ ਖਰੀਦਣ ਵਾਸਤੇ ਸੌ ਰੁਪਏ ਖਰਚਣ ਲਈ ਤਿਆਰ ਨਹੀਂ।

7. ਨਾਟਕ ਮੰਚਨ ਕਰਨ ਮੌਕੇ ਜੇ ਕੋਈ ਕਲਾਕਾਰ ਬਿਮਾਰ ਹੋ ਜਾਵੇ ਤਾਂ ਨਾਟਕ, ਸਟੇਜ ਦੀ ਬਜਾਏ ਆਈ.ਸੀ.ਯੂ ਵਿੱਚ ਪਹੁੰਚ ਜਾਂਦਾ ਹੈ।

ਨੋਟ : ਅਦਾਰਾ ਰੂਹ ਪੰਜਾਬੀ ਦੇ ਮੈਂਬਰਾਂ ਦੀ ਅਹਿਮ ਮੀਟਿੰਗ ਹੋਈ। ਜਿਸ ਵਿੱਚ ਮੈਗਜ਼ੀਨ ਰੂਹ ਪੰਜਾਬੀ ਦਾ ਸੰਚਾਲਨ ਕਰਨ ਵਾਸਤੇ ਨਵੀਂ ਟੀਮ ਦਾ ਗਠਨ ਕੀਤਾ ਗਿਆ ਹੈ। ਡਾ. ਕਰਮਜੀਤ ਸਿੰਘ ਨਡਾਲਾ (ਸਰਪ੍ਰਸਤ ਅਤੇ ਦਲਜੀਤ ਸਿੰਘ ਰਤਨ (ਕੋਆਰਡੀਨੇਟਰ ਵਜੋਂ ਸ਼ਾਨਦਾਰ ਸੇਵਾਵਾਂ ਦਿੱਤੀਆਂ। ਅਦਾਰਾ ਰੂਹ ਪੰਜਾਬੀ ਇਹਨਾਂ ਦਾ ਰਿਣੀ ਰ ਹੇਗਾ।

◆◆◆



# ਕਾਵਿ ਸੰਸਾਰ

## ਪ੍ਰੋ. ਕੁਲਵੰਤ ਸਿੰਘ ਔਜਲਾ



ਕੁਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ
ਸੋਨੇਰੰਗਾ ਚਾਨਣ ਇਹਦਾ ਤੇ ਸੂਰਜਵੰਤੀ ਇਹਦੀ ਛੋਹ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਪਰਿਕਰਮਾ ਵਿੱਚ ਨਿਤ ਕਰਨ ਖੁਸ਼ੀਆਂ ਖੇੜੇ ਤੇ ਖ਼ੁਮਾਰ
ਭਰ ਭਰ ਬੁੱਕਾਂ ਚਾਨਣ ਵੰਡੇ ਰੰਗ ਬਰੰਗੇ ਦੀਵਿਆਂ ਦੀ ਡਾਰ
ਦੂਰ ਦੂਰ ਤੀਕ ਨਜ਼ਰ ਆਵੇ ਖੁਸ਼ਬੋਅ ਹੀ ਖੁਸ਼ਬੋਅ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਸ਼ਰਧਾ ਤੇ ਸੁਹਜ ਨਾਲ ਗੁੰਨੇ ਹੋਏ ਨਿੱਕੇ ਨਿੱਕੇ ਦੀਵੇ ਜਗਣ
ਆਸਾਂ ਤੇ ਉਮੀਦਾਂ ਨਾਲ ਪਰੁੰਨੇ ਹੋਏ ਨਿੱਕੇ ਨਿੱਕੇ ਦੀਵੇ ਜਗਣ
ਚਾਨਣ ਇਹਨਾਂ ਦੀਵਿਆਂ ਦਾ ਬਿਲਕੁਲ ਗੋਰਾ ਨਿਛੋਹ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਬੁੱਤਾਂ ਵਿੱਚ ਬਾਤਨੀ ਲੋਅ ਭਰਨ ਨੂਰ ਨਾਲ ਭਰੇ ਹੋਏ ਦੀਵੇ
ਪਾਕ ਪਾਣੀਆਂ ਵਿਚ ਪਰੀਆਂ ਵਾਂਗੂ ਤਰਨ ਸਰੂਰ ਨਾਲ ਭਰੇ ਹੋਏ ਦੀਵੇ
ਧੁਰ ਅੰਦਰ ਪੈਂਦੀ ਮਿੱਠੇ ਮਿੱਠੇ ਚਾਨਣ ਦੀ ਖੋਹ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਕੋਮਲ ਕੋਮਲ ਤੇ ਕੋਸੇ ਕੋਸੇ ਅਹਿਸਾਸ ਵੰਡੇ ਆਲਾ ਦੁਆਲਾ
ਧੀਰਜ, ਧੜਕਣ ਤੇ ਧਰਵਾਸ ਵੰਡੇ ਆਲਾ ਦੁਆਲਾ
ਚੰਦ, ਸੂਰਜ, ਸਿਤਾਰੇ ਦੇਖਣ ਖੜੋਅ ਖੜੋਅ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਕੁਦਰਤ ਜਿਵੇਂ ਆਪ ਆਲਾਪ ਕਰੇ ਚਾਨਣ ਤੇ ਰਾਗਾਂ ਵਿੱਚ
ਖ਼ਲਕਤ ਦਾ ਦਿਲ ਜਾਪ ਕਰੇ ਚਾਨਣ ਦੇ ਰਾਗਾਂ ਵਿੱਚ
ਵੇਖੇ ਚਾਨਣ ਵਰਤਦਾ ਹਰ ਕੋਈ ਅੱਗੇ ਹੋ ਹੋ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

ਸਭ ਕੁੱਝ ਚਾਨਣ ਨਾਲ ਧੋਇਆ ਧੋਇਆ ਜਾਪੇ
ਸਭ ਕੁੱਝ ਸੁਰੀਲਾ ਤੇ ਸੁੰਦਰ ਹੋਇਆ ਹੋਇਆ ਜਾਪੇ

ਕਣ ਕਣ ਵਿਚੋਂ ਸਿੰਮੇ ਬਸ ਮੋਹ ਹੀ ਮੋਹ
ਕੁੱਲ ਲੋਆਂ ਤੋਂ ਸੋਹਣੀ ਹਰਿਮੰਦਰ ਤੇਰੇ ਦੀਵਿਆਂ ਦੀ ਲੋਅ

**97, ਮਾਡਲ ਟਾਊਨ ਕਪੂਰਥਲਾ ਮੋ. 84377-88856**

◆◆◆

## ਕਿਰਤੀ ਨੂੰ ਕਿਰਤਾਂ ਨਾ ਜੁੜੀਆਂ

ਸੁਖਦੇਵ ਸਿੱਧੂ

ਕਿਰਤੀ ਨੂੰ ਕਿਰਤਾਂ ਨਾ ਜੁੜੀਆਂ, ਉਹੀ ਮੰਦੜੇ ਹਾਲ ਪੁਰਾਣੇ ਵੇ,
ਔਹ ਕੌਣ ਸੌਦਾਗਰ ਉਤਰੇ ਨੇ, ਜੋ ਅਸਲੋਂ ਆਦਮ ਖਾਣੇ ਨੇ !
ਹੁਣ ਵਕਤ ਨਹੀਂ ਬਚਿਆ ਬਹਿਣ ਦਾ, ਇਹਨੂੰ ਟਾਲ ਕੇ ਨਾ ਗਵਾਈਏ,
ਆਓ ਦੁਨੀਆ ਭਰ ਦੇ ਕਿਰਤੀ ਕਾਮਿਓ, ਇੱਕ ਮੁੱਠ ਹੋ ਜਾਈਏ....

ਜਿਹੜਾ ਕਿਰਤ ਕੋਈ ਵੀ ਕਰਦਾ ਹੈ, ਡੁੱਲ੍ਹ ਖ਼ੂਨ ਪਸੀਨਾ ਸਭ ਦਾ ਬਈ,
ਉਹ ਸ਼ੈਤਾਨ ਨੇ ਖੋਂਹਦੇ ਸਧਰਾਂ ਨੂੰ, ਕਿਉਂ ਪਤਾ ਨਹੀਂ ਲਗਦੈ ਜੱਭ ਦਾ ਬਈ,
ਸਾਨੂੰ ਲੋੜ ਹੈ ਸੋਚ ਕੁਰੇਦਣ ਦੀ, ਲਾ ਮੱਥਾ ਵਿੱਚ ਸਮਝਾਈਏ....

ਇੱਕ ਵੋਟ ਡਰਾਮਾ ਰਚਕੇ ਬਈ, ਕਿੱਦਾਂ ਗੱਦੀਆਂ ਦੇ ਮਾਲਕ ਬਣਦੇ ਨੇ,
ਵੋਟਾਂ ਤੋਂ ਪਹਿਲਾਂ ਸਾਊ ਦਿਸਦੇ, ਫਿਰ ਲੋਕਾਂ ਵੱਲ ਅਸਲਾ ਤਣਦੇ ਨੇ
ਜਿੱਥੋਂ ਖੁੱਸ ਗਏ ਹੱਕ ਅਰਮਾਨਾਂ ਦੇ, ਉਥੋਂ ਖੋਹ ਖਿੱਚ ਕੇ ਲਿਆਈਏ....

ਵਿਦਵਾਨ, ਦਸਤਕਾਰ ਜਾਂ ਕਲਾਕਾਰ, ਕਾਮਾ ਜਾਂ ਕਹੀ ਚਲਾਵਾ ਹੈ,
ਭਾਵੇਂ ਨੌਕਰ ਹੈ ਸਰਕਾਰੀ ਜਾਂ ਮਸ਼ੀਨਾਂ ਵਿਚ ਭੁੱਜ ਜਾਂਦਾ ਹੱਕੀ ਦਾਅਵਾ ਹੈ,
ਅਸੀਂ ਨਿੱਜ 'ਚੋਂ ਬਾਹਰੀ ਨਿਕਣ ਦੇ ਥਾਂ-ਥਾਂ ਮਤੇ ਪਕਾਈਏ....

**ਪਿੰਡ ਤੇ ਡਾਕ- ਸਿੱਧਵਾਂ ਦੋਨਾ**
**ਜ਼ਿਲ੍ਹਾ -ਕਪਰੂਥਲਾ-144625, ਮੋ. 98886-33481**

◆◆◆

## ਬੋਲਦਾ ਪੰਜਾਬ

**ਡਾ. ਸਰਦੂਲ ਸਿੰਘ ਔਜਲਾ**

ਬੋਲਦਾ ਪੰਜਾਬ
ਨਾਲੇ ਹੰਝੂ ਅੱਖੋਂ ਕੇਰਦਾ
ਹੋ ਗਿਆਨ ਕੀ ਹਾਲ
ਅੱਜ ਟੀਸੀ ਵਾਲੇ ਬੇਰ ਦਾ
ਟੁੱਟ ਜਾਏ ਸ਼ਹੀਦਾਂ ਦਾ



ਨਾ ਖ਼ਾਬ ਓਏ ਪੰਜਾਬੀਓ
ਧਾਹਾਂ ਮਾਰ ਰੋਂਦਾ ਏ
ਪੰਜਾਬ ਉਏ ਪੰਜਾਬੀਓ
ਨਸ਼ਿਆਂ ਨੇ ਚੜ੍ਹਦੀ
ਜਵਾਨੀ ਤਾਈਂ ਫਾਹ ਲਿਆ
ਫੇਸ ਬੁੱਕਾਂ, ਫੈਸ਼ਨਾਂ ਨੇ
ਵਿਹਲੜਾਂ ਨੂੰ ਢਾਹ ਲਿਆ
ਛੱਡ ਕੰਮ ਕਾਰ ਬਣੇ
ਸਾਬ੍ਹ ਉਏ ਪੰਜਾਬੀਓ
ਰਹਿੰਦੀ ਖੂੰਹਦੀ ਗੀਤਾਂ ਨੇ
ਕਸਰ ਕੱਢ ਦਿੱਤੀ ਏ
ਸੱਚੇ ਸੁੱਚੇ ਪਿਆਰ ਦੀ ਵੀ
ਜੜ੍ਹ ਵੱਢ ਦਿੱਤੀ ਏ
ਆਪੋ ਧਾਪੀ ਵਾਲੇ ਗਾਉਂਦੇ
ਰਾਗ ਉਏ ਪੰਜਾਬੀਓ
ਕਾਲਜਾਂ ਸਕੂਲਾਂ ਵਾਲੀ ਵੀ
ਸੁਣ ਲਓ ਕਹਾਣੀ ਉਏ
ਕਾਪੀਆਂ ਕਿਤਾਬਾਂ ਬਿਨਾਂ
ਫਿਰਦੀ ਏ ਢਾਣੀ ਉਏ
ਅੱਖਰਾਂ ਦੀ ਪੁੱਟ ਸੁੱਟੀ
ਦਾਬ ਉਏ ਪੰਜਾਬੀਓ
ਧਾਹਾਂ ਮਾਰ ਰੋਂਦਾ ਏ
ਪੰਜਾਬ ਉਏ ਪੰਜਾਬੀਓ
ਬੇ-ਰੁਜ਼ਗਾਰੀ ਦਾ
ਸਰਾਪ ਜਿਵੇਂ ਹੋ ਗਿਆ
ਲੱਗਦਾ ਪੰਜਾਬ ਜਿਵੇਂ
ਲਾਸ਼ ਜੇਹਾ ਹੋ ਗਿਆ
ਵਿੱਦਿਆ ਵੀ ਹੋ ਗਈ ਏ
ਮੁਥਾਜ਼ ਉਏ ਪੰਜਾਬੀਓ
ਧਾਹਾਂ ਮਾਰ ਰੋਂਦਾ ਏ
ਪੰਜਾਬ ਉਏ ਪੰਜਾਬੀਓ।

**ਪਿੰਡ ਤੇ ਡਾ. ਸੰਗੋਜਲਾ-144008**
**ਜ਼ਿਲ੍ਹਾ-ਕਪੂਰਥਲਾ, ਫ਼ੋਨ 98141-68611**

# ਹਨੇਰਾ ਬਣੇ ਮਸ਼ਾਲ

**ਸੁਖਮਿੰਦਰ ਸੇਖੋਂ**

ਲਹੂ ਵੱਗੇ ਮਜ਼ਲੂਮ ਦਾ
ਔਰਤ ਦੀ ਅਸਮਤ ਰੁਲੇ
ਜਿੱਥੇ ਮਾਰ ਪਵੇ ਇਨਸਾਨ ਨੂੰ
ਉਸ ਦੇਸ਼ ਦਾ ਕੀ-ਉਸ ਵਤਨ ਦਾ ਕੀ
ਰੰਗ ਤਾਂ ਆਖਰ ਰੰਗ ਹੈ
ਰੰਗ ਕਿਉਂ ਨਾ ਲਿਆਏਗਾ
ਆਦਮੀ ਦਾ ਲਹੂ ਹੈ
ਹੁਣ ਮਿੱਟੀ ਵਿੱਚ ਨਾ ਰੋਲਿਆ ਜਾਏਗਾ
ਲਾਜ ਕਿਸੇ ਲਾਜਵੰਤੀ ਦੀ
ਜਦ ਵਿੱਚ ਚੌਰਾਹੇ ਰੋਲੀ ਜਾਵੇ
ਕੁਰਲਾ ਉਠੇ ਪੱਤਾ ਪੱਤਾ
ਹਕੂਮਤ ਨੂੰ ਪਰ ਸ਼ਰਮ ਨਾ ਆਵੇ
ਜ਼ੁਲਮ ਦੀ ਇੰਤਹਾ ਜਦੋਂ
ਗਲੀ ਮੁਹੱਲੇ ਹੋ ਜਾਵੇ
ਹਨੇਰਾ ਵੀ ਬਣੇ ਮਸ਼ਾਲ
ਕਲਮ ਸ਼ਮਸ਼ੀਰ ਹੋ ਜਾਵੇ

98145-07693

◆◆◆

# ਬੇਕਦਰੀ

**ਨਿਰਮਲ ਸਿੰਘ ਖੱਖ**

ਮੈਂ ਬੰਦ ਕਿਤਾਬ
ਵਰਗਾ ਹੀ ਹਾਂ
ਕਿਸੇ ਨਾ ਖੋਲਿਆ
ਨਾ ਫੋਲਿਆ
ਨਾ ਪੜ੍ਹਿ ਆ
ਤੇ ਨਾ ਸਮਝਿਆ
ਬੱਸ !
ਵੇਖਿਆ
ਤੇ ਵੇਖ ਕੇ



ਤੁਰ ਗਏ।

# ਨਿਘਾਰ

ਨਿਰ
ਮਨਫੀ ਹੋਏ
ਰਿਸ਼ਤਿਆਂ 'ਚ
ਘਿਰਿਆ
ਬੌਣਾ ਹੋਇਆ
ਬੰਦਾ
ਉਸ ਗੁਨਾਹ ਵਰਗਾ
ਜਿਹੜਾ ਕਦੇ
ਬਖਸ਼ਿਆ ਨਈਂ ਗਿਆ।

9315824475

◆◆◆

# ਹਰਪ੍ਰੀਤ ਸਿੰਮੀ ਗੁਰਦਾਸਪੁਰ



ਤਮਾਸ਼ਾ ਜ਼ਿੰਦਗੀ ਹੋਈ ਤਾਂ ਕੁੱਲ ਦੁਨੀਆ ਤਮਾਸ਼ਾਈ।
ਭਰੇ ਬਾਜ਼ਾਰ ਵਿਚ ਹਾਂ ਮੈਂ ਮਗਰ ਫਿਰ ਵੀ ਹੈ ਤਨਹਾਈ।

ਲਕੀਰਾਂ ਹੱਥ ਦੀਆਂ ਜਦ ਵੇਖਦੀ ਤਾਂ ਸੋਚਦੀ ਅਕਸਰ,
ਹੈ ਕਿਉਂ ਗ਼ੁਰਬਤ ਹਮੇਸ਼ਾ ਵਾਸਤੇ ਸਾਡੇ ਨਸੀਬ ਆਈ।

ਸ਼ਮ੍ਹਾਂ ਹਾਂ ਮੈਂ ਮੇਰੀ ਫਿਤਰਤ ਜਲਾ ਕੇ ਖ਼ੁਦ ਨੂੰ ਮਿਟ ਜਾਣਾ,
ਜਦੋਂ ਤਕ ਵੀ ਰਹੀ ਬਦਲੀ ਸਦਾ ਦੁਨੀਆ ਹੈ ਰੁਸ਼ਨਾਈ।

ਹਵਾ ਵਿਚ ਜ਼ਹਿਰ ਹੈ ਭਰਿਆ ਤੇ ਖ਼ਤਰੇ ਵਿਚ ਬਹਾਰਾਂ ਨੇ,
ਖ਼ਿਜ਼ਾਂ ਏ ਵੇਖ ਕੇ ਮੰਜ਼ਰ ਸ਼ਰੀਕਾਂ ਵਾਂਗ ਮੁਸਕਾਈ।


ਹਵਾ ਨੇ ਚਿਣਗ ਇਕ ਵੇਖੀ ਤਾਂ ਫਿਰ ਭਾਂਬੜ ਮਚਾ ਦਿੱਤਾ।
ਮਿਰੀ ਬਸਤੀ ਹੈ ਰਾਖ ਹੋਈ ਕੋਈ ਆਖੇ ਹੈ ਰੁਸ਼ਨਾਈ।
ਹਨੇਰੀ ਆ ਗਈ ਐਸੀ ਤਬਾਹ ਹੋਇਆ ਚਮਨ ਸਾਰਾ,
ਬਿਨਾਂ ਫੁੱਲਾਂ ਦੇ 'ਸਿੰਮੀ' ਬਾਗ਼ ਵਿਚ ਹਰ ਡਾਲ ਮੁਰਝਾਈ।

ਮੋ. 87258-36884

# .ਗ਼ਜ਼ਲ ਸੱਥ

## ਦੇਸ਼ ਵੰਡ ਨੂੰ ਸਮਰਪਿਤ

**ਪ੍ਰੋ. ਜਸਵੰਤ ਸਿੰਘ ਕੈਲਵੀ**



ਭਰੇ ਹੌਕੇ ਹਵਾਵਾਂ ਨੇ ਉਦੋਂ ਸੀ ਡਰ ਗਏ ਪਾਣੀ
ਧਰਾ ਜਦ ਖ਼ੂਨ ਵਿੱਚ ਭਿੱਜੀ ਤਾਂ ਰੋ ਰੋ ਮਰ ਗਏ ਪਾਣੀ

ਖ਼ੁਦਾਈ ਕਹਿਰ ਜਦ ਟੁੱਟਾ ਉਦੋਂ ਦੀ ਬਾਤ ਪਾਵਾ ਮੈਂ
ਅਦਲ ਦੀ ਲਾਸ਼ ਨੂੰ ਚੁੱਕ ਕੇ ਦਰਾਂ ਤੇ ਧਰ ਗਏ ਪਾਣੀ।

ਕਿਸੇ ਦਾ ਮਰ ਗਿਆ ਰਾਂਝਾ– ਕਿਸੇ ਦੀ ਹੀਰ ਸੀ ਮੋਈ
ਕਿਸੇ ਦਾ ਵੱਢਿਆ ਪੁੱਤਰ, ਖ਼ੁਦਾ !ਕੀ ਕਰ ਗਏ ਪਾਣੀ?

ਉਧਾਲੇ, ਜ਼ੁਮ ਜਦ ਹੋਏ ਬਹੂ ਤੇ ਬੇਟੀਆਂ ਉੱਤੇ
ਲਹੂ ਡੁੱਲ੍ਹਿਆ ਮਾਸੂਮਾਂ ਦਾ ਕਿਵੇਂ ਇਹ ਜਰ ਗਏ ਪਾਣੀ?

ਸੁਣੀ ਜਦ ਚੀਕ ਅਬਲਾ ਦੀ ਉਦੋਂ ਨਾ ਪਾਟਿਆ ਅੰਬਰ
ਧੁਲੇ ਨਾ ਖ਼ੂਨ ਦੇ ਧੱਬੇ–ਅਸਾਡੇ ਹਰ ਗਏ ਪਾਣੀ !

ਖਿਲਾਰੇ ਬੀਜ ਨਫ਼ਰਤ ਦੇ ਜਿਨ੍ਹਾਂ ਨੇ ਦੇਸ਼ ਦੇ ਅੰਦਰ,
ਹਨ੍ਹੇਰੇ ਧਰ ਗਏ ਪਲਕੀਂ ਤੇ ਨੈਣੀਂ ਭਰ ਗਏ ਪਾਣੀ !

ਕਿਵੇਂ ਹੁਣ ਕੈਲਵੀ ਦੱਸੇ? ਕਹਾਣੀ ਵੰਡ ਦੀ ਯਾਰੋ?
ਕਲੇਜਾ ਛਾਨਣੀ ਉਸਦਾ ਤੇ ਸੁਪਨੇ ਚਰ ਗਏ ਪਾਣੀ।

98783-81474

◆◆◆

## ਸੁਭਾਸ਼ 'ਦੀਵਾਨਾ'

ਜਿੱਦਾਂ ਕੁਕੜੀ ਹੋਂਦ ਜਿਤਾਵੇ ਕੁੜ-ਕੁੜ ਕਰਕੇ।
ਰੱਬ ਦੀ ਭਗਤੀ ਕਰਦੈ ਬੰਦਾ ਬੁੜ-ਬੁੜ ਕਰਕੇ।

ਕਿੱਥੇ ਪਚਦੀ ਹੈ ਕੋਈ ਗੱਲ ਮੈਨੂੰ ਯਾਰੋ,
ਢਿੱਡ ਵਿਚ ਸ਼ੋਰ ਮਚਾਉਂਦੀ ਰਹਿੰਦੀ ਗੁੜ-ਗੁੜ ਕਰਕੇ।

ਚੰਦ ਘਰੀਂ ਤੇ ਮਹਿਲੀਂ ਕਰਦੈ ਖਾਸ ਨਵਾਜ਼ਿਸ਼,
ਧਨ ਦਾ ਬੱਦਲ ਓਥੇ ਵੱਸੇ ਘੁੜ- ਮੁੜ ਕਰਕੇ।

ਨਿੱਕੀ-ਨਿੱਕੀ ਗੱਲ ਨੂੰ ਦਿਲ 'ਤੇ ਲਾ ਬਹਿਨਾਂ ਏਂ,
ਆਪੇ ਮਰ ਜਾਏਂਗਾ ਓੜਕ ਚੁੜ-ਚੁੜ ਕਰਕੇ।



ਇਹ ਅਭਿਆਸ ਤੇ ਦੁਹਰਾਓ ਵੀ ਜਾਦੂ ਹੈ ਇਕ,
ਮੋਟੀ ਬੁੱਧ ਵੀ ਸਿੱਖ ਜਾਂਦੀ ਹੈ ਮੁੜ-ਮੁੜ ਕਰਕੇ।

ਅਕਸਰ ਚਿੰਤਾ ਘੇਰ ਕੇ ਰੱਖਦੀ ਹੈ ਬੰਦੇ ਨੂੰ,
ਦਿਲ ਨੂੰ ਧੁੜਕੂ ਲੱਗਾ ਰਹਿੰਦਾ ਧੁੜ-ਧੁੜ ਕਰਕੇ।

ਚਾਹ ਪੀਂਦੇ ਨੂੰ ਦੇਖ ਕੇ ਹੱਸੇ ਪੋਤਾ ਮੇਰਾ,
ਵੇਖੋ ਦਾਦੂ ਚਾਹ ਪੀਂਦਾ ਹੈ ਸੁੜ-ਸੁੜ ਕਰਕੇ।

313/13, **ਗੋਪਾਲ ਨਗਰ,**
**ਗੁਰਦਾਸਪੁਰ।** 143521, **ਮੋ.** 98888-29666

◆◆◆

## ਰਣਬੀਰ ਆਕਾਸ਼



ਜ਼ਿੰਦਗੀ ਫ਼ਿਰ ਤੋਂ ਜ਼ਿੰਦਗੀ ਹੋਈ।
ਸ਼ਾਖ ਸੁੱਕੀ ਸੀ ਫ਼ਿਰ ਹਰੀ ਹੋਈ।

ਸੀ ਹਨ੍ਹੇਰਾ ਹੀ ਚਾਰਸੂ ਯਾਰੋ,
ਬਾਅਦ ਮੁੱਦਤ ਹੈ ਰੋਸ਼ਨੀ ਹੋਈ।

ਮੈਂ ਪਿਆਸਾ ਬੇ-ਦਮ ਪਰਿੰਦਾ ਹਾਂ,
ਤੂੰ ਨਦੀ ਹੈ ਜੋ ਲਾਜ਼ਮੀ ਹੋਈ।

ਲਾਟ ਦੀਵੇ ਦੀ ਵੇਖਦੇ ਹੀ ਹਵਾ,
ਲੰਘਦੀ ਹੈ ਉਹ ਪਰਖ਼ਦੀ ਹੋਈ।

ਦਿਲ ਦੇ ਇਸ ਮਾਰੂਥਲ'ਚ ਅਜ਼ਲਾਂ ਤੋਂ,
ਏਨੀ ਬਾਰਿਸ਼ ਨਾ ਸੀ ਕਦੀ ਹੋਈ।

ਜ਼ਖ਼ਮ ਖਾ ਕੇ ਵੀ ਤੇਰੀ ਚੌਖਟ 'ਤੇ,
ਕਿਉਂ ਹਮੇਸ਼ਾ ਹੀ ਬੰਦਗੀ ਹੋਈ।

ਦਾਸਤਾਂ ਮੇਰੀ ਪੜ੍ਹ ਸਕੋ ਜੇਕਰ,
ਅੱਖੀਆਂ ਵਿੱਚ ਹੈ ਤੈਰਦੀ ਹੋਈ।

ਦੂਰ ਵੀ ਨਾ ਹੈ, ਕੋਲ ਵੀ ਨਾ ਹੈ,
ਇਹ ਮੁਹੱਬਤ ਦੀ ਬੇਵਸੀ ਹੋਈ।

ਕੋਲ ਮੇਰੇ 'ਆਕਾਸ਼' ਹੈ ਸਾਰਾ,
ਪਰ ਸਦਾ ਤੇਰੀ ਹੀ ਕਮੀ ਹੋਈ।

ਫ਼ੋਨ 98765-82400

◆◆◆

## ਰਾਜ ਗੁਰਦਾਸਪੁਰੀ

ਹਰਿਕ ਥਾਂ 'ਤੇ ਨਾਕੇ ਤੇਰੇ ਜਾਣ ਪਿੱਛੋਂ।
ਪਏ ਫਿਰ ਵੀ ਡਾਕੇ ਤੇਰੇ ਜਾਣ ਪਿੱਛੋਂ।

ਨਸ਼ਾ ਪੀ ਕੇ ਕਰਦੈ ਜਿਵੇਂ ਮਨ 'ਚ ਆਵੇ,
ਉਹਨੂੰ ਕੌਣ ਠਾਕੇ ਤੇਰੇ ਜਾਣ ਪਿੱਛੋਂ।

ਮਹੀਨੇ ਦਾ ਸਰਕਾਰੀ ਰਾਸ਼ਨ ਨਾ ਮਿਲਿਆ,
ਰਿਹਾ ਰੋਜ ਫਾਕੇ ਤੇਰੇ ਜਾਣ ਪਿੱਛੋਂ।

ਉਡਾਉਂਦੇ ਨੇ ਖਿੱਲੀ ਗਰੀਬਾਂ ਦੀ ਹੱਸ ਹੱਸ,
ਅਮੀਰਾਂ ਦੇ ਕਾਕੇ ਤੇਰੇ ਜਾਣ ਪਿੱਛੋਂ।

ਮਨਾਈ ਦੀਵਾਲੀ ਨਾ ਦੀਵੇ ਜਗਾਏ,
ਨਾ ਚੱਲੇ ਪਟਾਕੇ ਤੇਰੇ ਜਾਣ ਪਿੱਛੋਂ।

ਜਿਵੇਂ ਹਾਂ ਲਵਾਰਿਸ ਪਿਆ ਘਰ ਦੇ ਖੂੰਝੇ,
ਕੋਈ ਵੀ ਨਾ ਝਾਕੇ ਤੇਰੇ ਜਾਣ ਪਿੱਛੋਂ।

ਨਾ ਪੱਕੀ ਪਕਾਈ ਮਿਲੇ 'ਰਾਜ਼' ਰੋਟੀ,
ਨਾ ਲੱਗੇ ਚਟਾਕੇ ਤੇਰੇ ਜਾਣ ਪਿੱਛੋਂ।

ਮੋ. 7508913308

◆◆◆

## ਸੁਰਜੀਤ ਦੇਵਲ



ਸ਼ਿਕਵਾ ਤੇਰਾ ਦਿਲ ਮੇਰਾ, ਮੇਰੇ ਮਹਿਬੂਬ ਕਬੂਲ ਕਰੇ।
ਨਾ ਤੜਫਾਵੋ ਨਾ ਤੜਫਾਵੋ ਸਾਥੋਂ ਜਾ ਕੇ ਹੋਰ ਪਰੇ।

ਖੰਘ ਦਬਾ ਕੇ ਲੰਘਣ ਲੱਗੀ ਨੂੰ ਯਾਰ ਦੇ ਜਦ ਦਰ ਅੱਗੋਂ,
ਝਾਂਜਰ ਤੇਰੀ ਪਰ ਛਣਕ ਪਈ ਤੂੰ ਪੈਰ ਬੜੇ ਬੋਚ ਧਰੇ।



ਦੱਸ ਭਲਾ ਕੀ ਖੱਟਿਆ ਖੁਸ਼ਬੂ ਤੇ ਹੱਕ ਜਮਾ ਕੇ ਓ ਦਿਲਾ,
ਵਿੱਚ ਹਵਾ ਦੇ ਉੱਡ ਗਈ ਜਦ ਕਾਤੋਂ ਹੁਣ ਤੂੰ ਨੈਣ ਭਰੇ।

ਯਾਦਾਂ ਤੇਰੀਆਂ ਕਰਨ ਇਬਾਦਤ ਮੇਰੇ ਦਿਲ ਦੇ ਕਾਬੇ,
ਉਠੀ ਤਾਂਘ ਵਸਲ ਦੀ ਹਿਰਦਿਓਂ ਪਲ ਨਾ ਤੇਰਾ ਹਿਜਰ ਜਰੇ।

ਪਾਕ ਮੁਹੱਬਤ ਦਾ ਉਸ ਨੇ ਕੀ ਯਾਰੋ ਮੁੱਲ ਭਲਾ ਪਾਉਣਾ,
ਹੋਣ ਸਲਾਮਾਂ ਹਰ ਮੋੜ ਤੇ ਜਿਸ ਨੂੰ ਨਵਿਆਂ ਤੇ ਡੰਗ ਸਰੇ।

ਵੇਖਾਂ ਹੁਸਨ ਦੇ ਰਾਹਾਂ ਵਿੱਚ ਮੈਂ ਨਿਤ ਇਸ਼ਕ ਪਿਆ ਖ਼ਾਕ ਬਣੇ,
ਸੂਲੀ ਚੜ੍ਹਨੋ ਵੇਖ ਵਫ਼ਾ ਦੀ "ਦੇਵਲ", ਨਾ ਉਹ ਇਸ਼ਕ ਡਰੇ।

ਮੋ. 92563-67202

◆◆◆

## ਭੁਪਿੰਦਰ ਸੰਧੂ

ਇਸ਼ਕੇ ਦੀ ਗਾਥਾ ਗਾਓ।
ਸਾਂਝਾਂ ਦਾ ਗੀਤ ਸੁਣਾਓ।

ਚਾਨਣ ਦੇ ਆਸ਼ਿਕ ਬਣ ਕੇ,
ਦੁਨੀਆਂ 'ਚੋਂ ਨ੍ਹੇਰ ਮਿਟਾਓ

ਦਰਦੀਲੇ ਗੀਤਾਂ ਨੂੰ ਹੁਣ,
ਹੋਠਾਂ ਤੱਕ ਲੈ ਕੇ ਆਓ।

ਜਿਸ ਦੀ ਦਿਲ ਹਾਮੀ ਭਰਦੈ,
ਯਾਰੋ ! ਉਹ ਫ਼ਰਜ ਨਿਭਾਓ।


ਅੱਜ ਮਹਿਫ਼ਿਲ ਬੇ-ਰੌਣਕ ਹੈ,
ਮਹਿਫ਼ਿਲ ਵਿਚ ਨੂਰ ਖਿੰਡਾਓ।

ਤੀਰਾਂ ਨੇ ਦਿਲ ਬਿੰਨ ਦਿੱਤੈ,
ਕੋਈ ਤਾਂ ਦਰਦ ਵੰਡਾਓ।

ਰੋਂਦੇ ਨੇ ਮਾਸੂਮ ਬੜੇ,
ਸੰਧੂ ! ਚੁੱਕ ਗੋਦ ਖਿਡਾਓ।

26118, ਗਲੀ ਨੰ. ਢਾਈ,
ਅਮਰਪੁਰਾ ਬਸਤੀ, ਬਠਿੰਡਾ-151001
ਮੋ. 96461-08157

## ਰਜਿੰਦਰ ਵਰਮਾ



ਇੱਜਤਾਂ, ਸ਼ੋਹਰਤਾਂ ਪੱਲੇ ਜਿਨਾਂ ਦੇ ਹੋਣਗੀਆਂ।
ਮੁਹੱਬਤਾਂ ਨਾਂਹ ਉਨ੍ਹਾਂ ਦੇ ਬੂਹੇ ਢੋਹਣਗੀਆਂ।

ਅਧੂਰੀਆਂ ਹੀ ਰਹਿ ਜਾਣੀਆਂ ਸੱਧਰਾਂ ਵੇਖਿਓ
ਜੋ ਮੋਤੀਆਂ ਦੀ ਮਾਲਾ ਵਾਂਗਰ ਪ੍ਰੋਣਗੀਆਂ।
ਧੀਆਂ ਨੇ ਹੀ ਪੁੱਛਣੈ ਆ ਕੇ ਤੁਹਾਨੂੰ
ਪੁੱਤਾਂ ਤੋਂ ਪਹਿਲਾਂ ਮੂਹਰੇ ਖਲੋਣਗੀਆਂ।

ਉਸ ਵਿਹੜੇ ਵਿੱਚ ਝਾਂਜਰ ਛਣਕੂਗੀ
ਜਿਸ ਵਿਹੜੇ ਵਿੱਚ ਧੀਆਂ ਹੋਣਗੀਆਂ।

**326, ਗੁਰੂ ਗੋਬਿੰਦ ਸਿੰਘ ਨਗਰ**
**ਗਲੀ ਨੰਬਰ 8/6, ਬਰੋਟਾ ਨਗਰ ਨਿਊ ਸ਼ਿਮਲਾਪੁਰੀ**
**ਲੁਧਿਆਣਾ**-141003

# ਗੀਤਾਂ ਦੀ ਗੂੰਜ

## ਨਵੇਂ ਸਾਲ ਦੀ ਆਮਦ 'ਤੇ

**ਪ੍ਰਤਾਪ ਪਾਰਸ ਗੁਰਦਾਸਪੁਰੀ**



ਬਿਰਖਾਂ ਨੇ ਨਗਮੇ ਗਾਏ ਨੇ, ਪੌਣਾਂ ਨੇ ਸਾਜ ਵਜਾਇਆ ਏ।
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਅੱਜ ਲੱਗਦਾ ਰਾਤ ਸੁਹਾਣੀ ਨੇ, ਚਾਨਣ ਦਾ ਦਿੱਤਾ ਛੱਟਾ ਏ,
ਇਕ ਨਵੀਂ ਨਵੇਲੀ ਦੁਲਹਨ ਨੇ, ਜਿਉਂ ਓੜਿਆ ਹੋਏ ਦੁਪੱਟਾ ਏ,
ਫੁੱਲਾਂ ਨੇ ਇਸ ਚੌਗਿਰਦੇ ਨੂੰ, ਇਤਰਾਂ ਦੇ ਨਾਲ ਨੁਹਾਇਆ ਏ--
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਕੋਈ ਛਿੜਿਆ ਰਾਗ ਇਲਾਹੀ ਏ, ਚੜ੍ਹ ਗਈ ਜਿਉਂ ਲੋਰ ਫਿਜ਼ਾਵਾਂ ਨੂੰ,
ਮਦਹੋਸ਼ ਪਰਿੰਦੇ ਫਿਰਦੇ ਨੇ, ਮਾਨਣ ਜਿਉਂ ਖ਼ੁਸ਼ੀਆਂ ਚਾਵਾਂ ਨੂੰ,
ਸਰਦਲ 'ਤੇ ਕੋਈ ਆਣ ਖੜ੍ਹਾ, ਜੋ ਸਾਹਾਂ ਵਿਚ ਸਮਾਇਆ ਏ--
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।



ਇਹ ਤੁਪਕੇ ਇੰਝ ਤਰੇਲਾਂ ਦੇ, ਸਿੱਪੀਆਂ ਵਿਚ ਠਹਿਰੇ ਮੋਤੀ ਨੇ,
ਸੋਨੇ ਦੇ ਜਗਦੇ ਦੀਵੇ ਵਿਚ, ਰੰਗ ਬੰਨਿਆ ਜੀਕਣ ਜੋਤੀ ਨੇ,
ਸੂਰਜ ਦੀਆਂ ਕਿਰਨਾਂ ਨੇ ਸੋਹਣਾ, ਫੁੱਲ ਬੂਟਿਆਂ ਤਾਈਂ ਬਣਾਇਆ ਏ
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਭੰਵਰੇ ਮਤਵਾਲੇ ਹੋਏ ਨੇ, ਬਾਗਾਂ ਵਿਚ ਵੇਖ ਬਹਾਰਾਂ ਨੂੰ,
ਉਹ ਚੁੰਮਣ-ਚੁੰਮਣ ਖੇਡ ਰਹੇ, ਸਭ ਭੁੱਲਕੇ ਚੋਭਾਂ, ਖਾਰਾਂ ਨੂੰ,
'ਪਾਰਸ' ਨੇ ਕਾਦਰ, ਕੁਦਰਤ ਨੂੰ, ਸ਼ਬਦਾਂ ਦਾ ਅਰਗ ਚੜ੍ਹਾਇਆ ਏ-
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ।**
**ਫੋਨ 99888-11681**

◆◆◆

## ਸਰਦਾਰ ਪੰਛੀ

ਐਵੇਂ ਬੋਲ ਨਾ ਬਨੇਰੇ ਉਤੇ ਕਾਵਾਂ, ਵੇ ਸਾਡੇ ਵਿਹੜੇ ਕਿੰਨੇ ਆਉਣਾ ਏਂ।
ਏਥੇ ਭੁੱਲ ਕੇ ਨਾ ਆਉਂਦੀਆਂ ਹਵਾਵਾਂ, ਵੇ ਸਾਡੇ ਵਿਹੜੇ ਕਿਨ੍ਹੇ ਆਉਣਾ ਏਂ।
ਭੁੱਲ ਗਿਆ ਮਾਹੀ ਸਾਨੂੰ ਜਾ ਕੇ ਪਰਦੇਸ ਵੇ।
ਯਾਦ ਆਇਆ ਕਦੇ ਵੀ ਨਾ ਉਹਨੂੰ ਸਾਡਾ ਦੇਸ ਵੇ।
ਸਾਰ ਲਈ ਕਦੇ ਭੈਣਾਂ ਨਾ ਭਰਾਵਾਂ, ਵੇ ਸਾਡੇ ਵਿਹੜੇ ਕਿੰਨੇ ਆਉਣਾ ਏ।
ਐਵੇਂ ਬੋਲ ਨਾ.....
ਦਿਲ ਵਿਚ ਸਾਂਭੀ ਬੈਠੀ ਯਾਦ ਮਿੱਠੀ ਮਿੱਠੀ ਵੇ।
ਘੱਲਾਂ ਵੀ ਤਾਂ ਦਸ ਕਿਥੇ ਉਸ ਨੂੰ ਮੈਂ ਚਿੱਠੀ ਵੇ।
ਉਹਨੇ ਘੱਲਿਆ ਨਾ ਕੋਈ ਸਿਰਨਾਵਾਂ, ਵੇ ਸਾਡੇ ਵਿਹੜੇ ਕਿੰਨ੍ਹੇ ਆਉਣਾ ਏਂ।
ਐਵੇਂ ਬੋਲ ਨਾ.....
ਯਾਦ ਆਵੇ ਜਦੋਂ ਉਹਦਾ ਭੱਤਾ ਲੈ ਕੇ ਜਾਂਦੀ ਸਾਂ।
ਆਪਣੇ ਮੈਂ ਹੱਥੀਂ ਉਹਨੂੰ ਚੂਰੀਆਂ ਖੁਆਂਦੀ ਸਾਂ।
ਹੁਣ ਵੱਢ-ਵੱਢ ਖਾਂਦੀਆਂ ਉਹ ਥਾਵਾਂ, ਵੇ ਸਾਡੇ ਵਿਹੜੇ ਕਿੰਨੇ ਆਉਣਾ ਏ।
ਐਵੇਂ ਬੋਲ ਨਾ....
ਉਹਨੇ ਕਦੇ ਭੁੱਲ ਕੇ ਨਾ ਕੀਤਾ ਮੈਨੂੰ ਯਾਦ
ਕੀਹਦੇ ਅੱਗੇ ਕਹਾਂ ਜਾ ਕੇ ਦਸ ਫਰਿਆਦ ਵੇ
ਕਿਹਨੂੰ ਦਿਲ ਦੇ ਇਹ ਜ਼ਖ਼ਮ ਵਖਾਵਾਂ, ਵੇ ਸਾਡੇ ਵਿਹੜੇ ਕਿੰਨ੍ਹੇ ਆਉਣਾ ਏ।
ਐਵੇਂ ਬੋਲ ਨਾ.....
ਭੁੱਲ ਗਿਆ ਲੱਗੀਆਂ ਨਿਭਾਉਣ ਦੀ ਉਹ ਜਾਚ ਵੇ।

ਡਾਲਰਾਂ ਦੀ ਭੀੜ ਵਿੱਚ ਗਿਆ ਹੈ ਗੁਆਚ ਏ।
ਮੈਥੋਂ ਖੋਹ ਲਿਆ ਗੋਰੀਆਂ ਬਲਾਵਾਂ।ਵੇ ਸਾਡੇ ਵਿਹੜੇ ਕਿੰਨੇ ਆਉਣਾ ਏ।
ਐਵੇਂ ਬੋਲ ਨਾ.....
ਐਵੇਂ ਬੋਲ ਨਾ ਬਨੇਰੇ ਉਤੇ ਕਾਵਾਂ, ਵੇ ਸਾਡੇ ਵਿਹੜੇ ਕਿੰਨੇ ਆਉਣਾ ਏ।
ਏਥੇ ਭੁੱਲ ਕੇ ਨਾ ਆਉਂਦੀਆਂ ਹਵਾਵਾਂ, ਵੇ ਸਾਡੇ ਵਿਹੜੇ ਕਿੰਨ੍ਹੇ ਆਉਣਾ ਏਂ।

**ਜੇਠੀ ਨਗਰ - ਮਾਲੇਰਕੋਟਲਾ ਰੋਡ ਖੰਨਾ-141401 ਪੰਜਾਬ**
**94170-91668**

◆◆◆

## ਸਿੱਖ ਕੌਮ ਨਹੀਂ

**ਰਤਨ ਟਾਹਲਵੀ**



ਜਦੋਂ ਧਰਮ ਕੌਮ ਲਈ ਆਪ ਖੜ੍ਹੇ
ਸਿਰ ਉੱਤੇ ਝੱਲੇ ਕਸ਼ਟ ਬੜੇ
ਸਿੱਖ ਕੌਮ ਉਹ ਝੁੱਲ੍ਹੇ ਝੱਖੜਾਂ ਨੂੰ
ਕਰਕੇ ਇਕ ਇਕ ਗਿਣਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ
ਸਿੱਖ ਕੌਮ ਨਹੀਂ ਕਦੇ ਭੁਲਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ

ਜਦੋਂ ਖੇਡਣ ਦੀ ਸੀ ਉਮਰ ਅਜੇ
ਤੁਸੀਂ ਤੋਰ ਹੱਥੀਂ ਵਿੱਚ ਜੰਗ ਦਿੱਤੇ
ਦੋ ਵਾਰ ਦਿੱਤੇ ਚਮਕੌਰ ਗੜ੍ਹੀ
ਦੋ ਵਾਰ ਤੁਸੀਂ ਸਰਹਿੰਦ ਦਿੱਤੇ
ਤੁਸੀਂ ਪਿਤਾ ਵਾਰਿਆ ਦਿੱਲੀ 'ਚ
ਸੌ ਜਨਮ ਨਹੀਂ ਕਰਜ਼ ਚੁਕਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ
ਸਿੱਖ ਕੌਮ ਨਹੀਂ ਕਦੇ ਭੁਲਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ

ਸਿਰ ਝੁੱਕਦਾ ਪਰਉਪਕਾਰਾਂ ਨੂੰ
ਤਾਹੀਂ ਜਾਂਦਾ ਹਰ ਕੋਈ ਬਲਿਹਾਰੀ
ਸਿੱਖ ਜਾਨੋਂ ਪਿਆਰੇ ਬੇ ਗਿਣਤੀ
ਇਕ ਠੰਡੇ ਬੁਰਜ 'ਚ ਮਾਂ ਵਾਰੀ



ਇਹ ਲੱਗੀ ਤੱਖਤੀ ਯਾਦਾਂ ਦੀ
ਕਦੇ ਭੁੱਲ ਕੇ ਨਹੀਂ ਮਿਟਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ
ਸਿੱਖ ਕੌਮ ਨਹੀਂ ਕਦੇ ਭੁਲਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ

ਕੋਈ ਕੁੱਲੀ ਬਣੀ ਹੋਈ ਨਹੀਂ ਛੱਡਦਾ
ਤੁਸੀਂ ਮਹਿਲ ਮੁਨਾਰੇ ਛੱਡ ਆਏ
ਉਹ ਵੱਸਦੇ ਸ਼ਹਿਰ ਅਨੰਦਪੁਰ ਦਾ
ਮੋਹ ਰੱਖਿਆ ਨਾ ਦਿਲੋਂ ਕੱਢ ਆਏ
ਦਾਤਾ ਟਾਹਲੀ ਵਾਲੇ ਰਤਨ ਕੋਲੋਂ
ਤੇਰੀ ਸਿਫ਼ਤ ਲਿਖੀ ਨਹੀਂ ਜਾ ਸਕਦੀ
ਉਹ ਦਿਨ ਉਹ ਪਲ ਦਸ਼ਮੇਸ਼ ਪਿਤਾ
ਸਿੱਖ ਕੌਮ ਨਹੀਂ ਕਦੇ ਭੁਲਾ ਸਕਦੀ।

**81462-10637**

◆◆◆

## ਨਸ਼ਾ ਤਾਂ ਜਵਾਨੀ ਦਾ

**- ਸੁਰਜੀਤ ਦੇਵਲ**

ਮਾਣ ਸੀ ਪੰਜਾਬ ਦੀ ਜਵਾਨੀ ਉੱਤੇ ਦੁਨੀਆਂ ਨੂੰ,
ਮੱਲਾਂ ਸੀ ਮੈਦਾਨ ਵਿਚ ਦੁੱਲੇ ਸ਼ੇਰਾਂ ਮਾਰੀਆਂ।
ਨਸ਼ਾ ਤਾਂ ਜਵਾਨੀ ਦਾ ਬਥੇਰਾ ਹੁੰਦਾ ਮਿੱਤਰੋ,
ਕਾਹਨੂੰ ਹੋਰ ਨਸ਼ਿਆਂ ਦੇ ਨਾਲ ਲਾਵੋਂ ਯਾਰੀਆਂ।

ਜੋਬਨ ਦੀ ਰੁੱਤ ਹੁੰਦੀ ਕਰਮ ਕਮਾਉਣ ਦੀ।
ਨਸ਼ਿਆਂ ਤੋਂ ਜਿੰਦੜੀ ਮਲੂਕ ਬਚਾਉਣ ਦੀ।
ਲਾਲ ਸੂਹੇ ਚਿਹਰੇ ਨਾ ਗੱਭਰੂਆਂ ਦੇ ਦੀਂਹਦੇ,
ਰੌਣਕਾਂ ਤੇ ਹਾਸੇ ਲਾ ਗਏ ਮੁੱਖਾਂ ਤੋਂ ਉਡਾਰੀਆਂ
ਨਸ਼ਾ ਤਾਂ ਜਵਾਨੀ ਦਾ

ਮੌਤ ਨੂੰ ਬੁਲਾਉਂਦੇ ਸਾਰੇ ਕਿਸ਼ਤਾਂ 'ਚ ਨਸ਼ੱਈ ਨੇ।
ਹੁੰਦੇ ਤਾਂ ਨਸ਼ਈਆਂ ਦੇ ਤਲਾਕ ਵੇਖੇ ਕਈ ਨੇ।
ਟੁੱਟ ਜਾਂਦੇ ਸਾਕ ਸਬੰਧੀ ਵੀ ਨਸ਼ੱਈਆਂ ਤੋਂ,
ਕਰਮਾਂ ਨੂੰ ਰੋਣ ਲੜ ਲੱਗੀਆਂ ਵਿਚਾਰੀਆਂ

ਨਸ਼ਾ ਤਾਂ ਜਵਾਨੀ ਦਾ

ਮਾਪਿਆਂ ਦੇ ਅਰਮਾਂ ਮਿੱਟੀ 'ਚ ਮਿਲਾਉਣੇ ਓਂ।
ਬਾਪੂ ਦੀ ਜਾਇਦਾਦ ਦੀਆਂ ਧੱਜੀਆਂ ਉਡਾਉਣੇ ਓਂ।
ਥੋੜੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਲੈਣ ਲਈ,
ਕਰਦੇ ਪਲਾਟਾਂ ਦੇ ਦਲਾਲ ਨੇ ਤਿਆਰੀਆਂ
ਨਸ਼ਾ ਤਾਂ ਜਵਾਨੀ ਦਾ,

ਜਾਗੋ ਓਏ ਜਵਾਨੋ ਅੱਖਾਂ ਖੋਲ੍ਹ ਝਾਤੀ ਮਾਰ ਲਓ।
ਬੀਤੇ ਨੂੰ ਭੁਲਾ ਕੇ ਹੁਣ ਅੱਗਾ ਤਾਂ ਸੁਧਾਰ ਲਓ।
ਧਨ, ਸਿਹਤ, ਆਬਰੂ ਗਵਾ ਕੇ ਫਿਰਦੇ,
ਕਾਹਦੀਆਂ ਨੇ 'ਦੇਵਲ' ਪੁੱਛੇ ਇਹ ਸਰਦਾਰੀਆਂ
ਨਸ਼ਾ ਤਾਂ ਜਵਾਨੀ ਦਾ,

**10 ਬੀ/490, ਸ਼ਿਵਪੁਰੀ**
**ਨੇੜੇ ਬਾਬਾ ਬਾਲਕ ਨਾਥ ਮੰਦਰ ਧੂਰੀ-148024 (ਸੰਗਰੂਰ)**
**ਮੋ. 92563-67202**

◆◆◆

## ਜਗਜੀਤ ਸਿੰਘ ਗੁਰਮ



ਕਾਗਜ ਦੀਆਂ ਚਿੜੀਆਂ, ਕਿੰਝ ਭਰਨ ਉਡਾਰੀ।
ਉਨ੍ਹਾਂ ਕਿੰਝ ਕਹਿਣੈ, ਰੁੱਤ ਸਾਡੀ ਸਾਰੀ।

ਜੋ ਟਹਿਕ ਦੀਆਂ ਸੀ, ਅਸਾਂ ਮਾਰ ਮੁਕਾਈਆਂ।
ਜੋ ਲੁਕ ਲੁਕ ਬਚੀਆਂ, ਉਹ ਵੀ ਤਿਰਹਾਈਆਂ।
ਇਨ੍ਹਾਂ ਜਿੰਦਾਂ ਉੱਤੇ, ਸਾਡਾ ਲੋਭ ਹੈ ਭਾਰੀ।
ਕਾਗਜ ਦੀਆਂ ਚਿੜੀਆਂ ........।

ਕਿੱਥੇ ਪਾਉਣ ਆਲ੍ਹਣੇ, ਅਸਾਂ ਰੁੱਖ ਮੁਕਾਏ।
ਕਿੱਥੇ ਉਹ ਨਾਵਣ, ਅਸਾਂ ਨੀਰ ਸੁਕਾਏ।
ਅਸਾਂ ਮਾਰਿਆ ਸਭ ਨੂੰ, ਪਰ ਭੁੱਖ ਨਾ ਮਾਰੀ।
ਕਾਗਜ ਦੀਆਂ ਚਿੜੀਆਂ ........।

ਇਹ ਘਰਾਂ ਦੇ ਅੰਦਰ, ਸੀ ਘਰੇ ਬਣਾਉਂਦੀਆਂ।
ਇਹ ਚਹਿਕ ਚਹਿਕ ਕੇ, ਸੀ ਰੌਣਕ ਲਾਉਂਦੀਆਂ !
ਘਰ ਤੋੜ ਅਸਾਂ ਨੇ, ਕਰੀ ਨਵੀਂ ਤਿਆਰੀ।



ਕਾਗਜ ਦੀਆਂ ਚਿੜੀਆਂ ........।

ਚਿੜੀਆਂ ਇਹ 'ਗੁਰਮਾਂ' ਤੈਂ ਮੁੱਲ ਮੰਗਾਈਆਂ।
ਮੁੜ ਰੌਣਕ ਖਾਤਰ, ਇਹ ਕੰਧਾਂ ਸਜਾਈਆਂ।
ਦੱਸ ਵਿੱਚ ਹਵਾਵਾਂ, ਕਿੰਝ ਲਾਵਣ ਤਾਰੀ।

ਕਾਗਜ ਦੀਆਂ ਚਿੜੀਆਂ, ਕਿੰਝ ਭਰਨ ਉਡਾਰੀ।
ਉਨ੍ਹਾਂ ਕਿੰਝ ਕਹਿਣੈ, ਰੁੱਤ ਸਾਡੀ ਸਾਰੀ।

**ਮ. ਨੰ: 1008/29/2, ਗਲੀ ਨੰ: 8,**
**ਬਾਲ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ।**
**ਮੋ : 99147-01668**

# ਨਾਟਕ

*ਲਘੂ ਨਾਟਕ*

## ਮੈਂ ਪੰਜਾਬਣ ਹਾਂ

**-ਸਤਵਿੰਦਰ ਬੇਗੋਵਾਲੀਆ**

**ਨੋਟ: ਇਹ ਨਾਟਕ ਕਿਸ਼ਤਾਂ ਵਿਚ ਛਪਿਆ ਸੀ, ਪਾਠਕਾਂ ਦੀ ਮੰਗ ਤੇ ਪੂਰਾ ਨਾਟਕ ਛਾਪਿਆ ਜਾ ਰਿਹਾ ਹੈ**

**ਪਾਤਰ**

| | |
|---|---|
| ਕੁਲਵੀਰ : | ਕਾਲਜ ਦਾ ਵਿਦਿਆਰਥੀ, 21 ਸਾਲ |
| ਸੋਨੀ : | ਕਾਲਜ ਦੀ ਵਿਦਿਆਰਥਣ, 20 ਸਾਲ |
| ਸਰਿਤਾ : | ਸੋਨੀ ਦੀ ਮਾਂ, 45 ਸਾਲ |
| ਦੁਰਗਾ ਦਾਸ : | ਸੋਨੀ ਦਾ ਪਿਤਾ, 48 ਸਾਲ |
| ਕੰਚਨ : | ਸੋਨੀ ਦੀ ਵੱਡੀ ਭੈਣ, 23 ਸਾਲ |
| ਨਿੱਕੂ : | ਕੰਚਨ ਦੇ ਸਹੁਰੇ ਘਰ ਦਾ ਨੌਕਰ |
| ਸਟੇਜ ਸਕੱਤਰ | |
| ਮੁੱਖ ਜੱਜ | |

## ਦ੍ਰਿਸ਼ ਪਹਿਲਾ

ਸਥਾਨ : ਨਗਰ ਦੇ ਇੱਕ ਕਾਲਜ ਵਿਚ ਸਟੇਜ।

ਸਟੇਜ ਸਕੱਤਰ : ਸਤਿਕਾਰਯੋਗ ਪ੍ਰੋਫੈਸਰ ਸਾਹਿਬਾਨ ਅਤੇ ਵੱਖ ਵੱਖ ਕਾਲਜਾਂ ਨਾਲ ਸਬੰਧਤ ਵਿਦਿਆਰਥੀਓ, ਅੱਜ ਦੀ ਦੋ ਗਾਣਿਆਂ ਦੀ ਪ੍ਰਤੀਯੋਗਤਾ ਦੀ ਆਖਰੀ ਆਈਟਮ ਇਸੇ ਕਾਲਜ ਦੇ ਬੀ.ਏ. ਭਾਗ ਤੀਜਾ ਦੇ ਕੁਲਵੀਰ ਸਿੰਘ ਅਤੇ ਸੋਨੀ ਆਪ ਜੀ ਦੇ ਰੂਬਰੂ ਪੇਸ਼ ਕਰਨ ਜਾ ਰਹੇ ਨੇ।(ਸਟੇਜ 'ਤੇ ਪੰਜਾਬੀ ਗਾਇਕਾਂ ਵਾਲੇ ਪਹਿਰਾਵੇ ਵਿਚ ਕੁਲਵੀਰ ਅਤੇ ਸੋਨੀ ਆਉਂਦੇ ਹਨ)

ਸੋਨੀ : (ਗਾਉਂਦੀ ਹੋਈ) ਸੁਣ ਮੇਰਿਆ ਸੱਜਣਾ<br>
ਅਸਾਂ ਤੇਰੇ ਨਾਲ ਹੱਸਣਾ।<br>
ਸੁਣ ਮੇਰਿਆ.....

ਕੁਲਵੀਰ : ਆਪਾਂ ਇੱਕ ਮਿੱਕ ਹੋ ਕੇ<br>
ਦੁਨੀਆ ਨੂੰ ਦੱਸਣਾ।

ਸੋਨੀ : ਸੁਣ ਮੇਰਿਆ ਸੱਜਣਾ<br>
ਅਸਾਂ ਤੇਰੇ ਨਾਲ ਹੱਸਣਾ।

ਕੁਲਵੀਰ : ਇਹ ਕੁੜੀਆਂ ਦਾ ਟੋਲਾ<br>
ਨਿੱਤ ਪਾਵੇ ਰੌਲਾ।

ਸੋਨੀ : ਕੋਈ ਸਿਫਤਾਂ ਕਰਦਾ<br>
ਕੋਈ ਹੋਇਆ ਕੋਲਾ।

ਕੁਲਵੀਰ : ਮੈਂ ਉੱਥੇ ਹੀ ਰਹਿਣੈਂ<br>
ਜਿੱਥੇ ਤੂੰ ਵੱਸਣਾ।

ਸੋਨੀ : ਸੁਣ ਮੇਰਿਆ ਸੱਜਣਾ<br>
ਅਸਾਂ ਤੇਰੇ ਨਾਲ ਹੱਸਣਾ।

ਕੁਲਵੀਰ : ਤੂੰ ਨਜ਼ਰ ਨਾ ਆਏਂ<br>
ਤਾਂ ਪੱਤਝੜ ਆਉਂਦੀ

ਸੋਨੀ : ਤੇਰੇ ਆਇਆਂ ਦੁਨੀਆ<br>
ਸੋਹਣੀ ਹੋ ਜਾਂਦੀ।

ਕੁਲਵੀਰ : ਇਸ ਸੁੰਨੀ ਮਹਿਫ਼ਲ ਨੇ<br>
ਤੇਰੇ ਆਇਆਂ ਜੱਚਣਾ।

ਸੋਨੀ : ਸੁਣ ਮੇਰਿਆ ਸੱਜਣਾ<br>
ਅਸਾਂ ਤੇਰੇ ਨਾਲ ਹੱਸਣਾ।

(ਦੋ ਗਾਣਾ ਖਤਮ ਹੁੰਦਾ ਹੈ, ਸਟੇਜ ਸਕੱਤਰ ਇੱਕ ਵਾਰ ਫਿਰ ਮਾਈਕ ਫੜੀ ਸਟੇਜ 'ਤੇ ਆਉਂਦਾ ਹੈ)

ਸਟੇਜ ਸਕੱਤਰ : ਹਾਜ਼ਰੀਨ, ਅੰਤਰ ਕਾਲਜ ਦੋ ਗਾਣਿਆਂ ਦੀ ਪ੍ਰਤੀਯੋਗਤਾ ਵਿਚ



ਸਾਰੀਆਂ ਆਈਟਮਾਂ ਪੇਸ਼ ਹੋ ਚੁੱਕੀਆਂ ਹਨ। ਤੁਸੀਂ ਨਤੀਜੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹੋਵੋਗੇ। ਮੈਂ ਅੱਜ ਦੇ ਮੁੱਖ ਜੱਜ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਟੇਜ 'ਤੇ ਆ ਕੇ ਹਾਜ਼ਰੀਨ ਦੇ ਰੂਬਰੂ ਹੋਣ ਅਤੇ ਜਜਮੈਂਟ ਵੀ ਸੁਣਾਉਣ।

(ਤਾੜੀਆਂ ਦੀ ਆਵਾਜ਼ ਦਰਮਿਆਨ ਮੁੱਖ ਜੱਜ ਸਟੇਜ 'ਤੇ ਪੇਸ਼ ਹੁੰਦਾ ਹੈ)

ਮੁੱਖ ਜੱਜ : ਹਾਜ਼ਰੀਨ ਸਰੋਤਾ ਮੰਡਲ, ਤੁਸੀਂ ਦੋ ਗਾਣਿਆਂ ਦੀਆਂ ਮੌਲਿਕ ਰਚਨਾਵਾਂ ਦੀਆਂ ਪੇਸ਼ਕਾਰੀਆਂ ਦਾ ਭਰਪੂਰ ਲੁਤਫ਼ ਲੈ ਚੁੱਕੇ ਹੋ। ਲਗਪਗ ਸਾਰੇ ਹੀ ਦੋਗਾਣੇ ਰੁਮਾਂਟਿਕ ਕਿਸਮ ਦੇ ਸਨ ਅਤੇ ਇਹ ਕਾਲਜ-ਵਿਦਿਆਰਥੀਆਂ ਦੀ ਕਲਮ ਤੋਂ ਸਨ। ਸੋ ਕੁਦਰਤੀ ਹੈ ਕਿ ਇਸ ਉਮਰ 'ਚ ਜ਼ਿਆਦਾ ਵਿਦਿਆਰਥੀ ਰੁਮਾਂਟਿਕ ਹੀ ਲਿਖਦੇ ਹਨ। ਡਿਊਟ ਗਾਣੇ ਵੈਸੇ ਵੀ ਕਲਾਕਾਰਾਂ ਵੱਲੋਂ ਰੁਮਾਂਟਿਕ ਹੀ ਪੇਸ਼ ਕੀਤੇ ਜਾਂਦੇ ਹਨ। ਤੁਸੀਂ ਬੇਸਬਰੀ ਨਾਲ ਨਤੀਜੇ ਦੀ ਇੰਤਜ਼ਾਰ ਕਰ ਰਹੇ ਹੋਵੋਗੇ। ਸੋ ਅੱਜ ਦੀ ਪ੍ਰਤੀਯੋਗਤਾ ਦਾ ਤੀਜਾ ਇਨਾਮ ਮਿੰਟੂ ਅਤੇ ਕਮਲ ਨੂੰ, ਦੂਜਾ ਇਨਾਮ ਵਿੱਕੀ ਅਤੇ ਬੰਟੀ ਨੂੰ ਅਤੇ ਪਹਿਲਾ ਇਨਾਮ ਉਸ ਜੋੜੀ ਨੂੰ ਜਾਂਦਾ ਹੈ ਜਿਸ ਨੇ ਬਿਲਕੁਲ ਸੁਰ 'ਚ ਗਾਇਆ, ਜਿਨ੍ਹਾਂ ਦਾ ਫੇਸ ਇੰਪਰੈਸ਼ਨ ਕਮਾਲ ਦਾ ਸੀ ਤੇ ਡਰੈੱਸ ਵੀ ਖੂਬ ਜਚਵੀਂ ਸੀ, ਐਕਸ਼ਨ ਬਿਲਕੁਲ ਨੈਚਰਲ ਸਨ। (ਮੁਸਕਰਾਉਂਦੇ ਹੋਏ) ਤੁਸੀਂ ਜਾਣ ਹੀ ਚੁੱਕੇ ਹੋਵੋਗੇ.....ਕਿਉਂਕਿ ਦਰਸ਼ਕ ਵੀ ਤਾਂ ਆਪਣੀ ਥਾਂ ਜੱਜ ਹੀ ਹੁੰਦੇ ਨੇ।

ਦਰਸ਼ਕਾਂ ਵਿੱਚੋਂ ਆਵਾਜ਼ਾਂ : ਸੋਨੀ, ਕੁਲਵੀਰ।

ਮੁੱਖ ਜੱਜ : ਐਬਸੋਲਿਊਟਲੀ ਰਾਈਟ, ਸੋ ਜੇਤੂ ਟਰਾਫੀ ਪ੍ਰਾਪਤ ਕਰਨ ਸਟੇਜ ਤੇ ਤਸ਼ਰੀਫ ਫਰਮਾ ਹੋਣ ਸੋਨੀ ਅਤੇ ਕੁਲਵੀਰ।

(ਕੁਲਵੀਰ ਅਤੇ ਸੋਨੀ ਸਟੇਜ 'ਤੇ ਆ ਕੇ ਮੁੱਖ ਜੱਜ ਤੋਂ ਟਰਾਫੀ ਪ੍ਰਾਪਤ ਕਰਦੇ ਹਨ। ਦਰਸ਼ਕਾਂ ਦੀਆਂ ਤਾੜੀਆਂ ਦਰਮਿਆਨ ਕੁਲਵੀਰ, ਸੋਨੀ ਮੁਸਕਰਾਹਟਾਂ ਸਾਂਝੀਆਂ ਕਰਦੇ ਹਨ) ਕੰਗਰਾਚੂਲੇਸ਼ਨਜ਼।

ਕੁਲਵੀਰ, ਸੋਨੀ : ਥੈਂਕ ਯੂ ਸਰ।

(ਮੁੱਖ ਜੱਜ ਦੇ ਜਾਣ ਬਾਅਦ ਕਾਲਜ ਦੇ ਕੁੱਝ ਲੜਕੇ ਅਤੇ ਲੜਕੀਆਂ ਸਟੇਜ 'ਤੇ ਆ ਕੇ ਕੁਲਵੀਰ ਅਤੇ ਸੋਨੀ ਨਾਲ ਫੋਟੋ ਕਰਵਾਉਂਦੇ ਹਨ। ਉਹ ਵੀ ਸਟੇਜ ਤੋਂ ਹੇਠਾਂ ਆ ਜਾਂਦੇ ਹਨ। ਹੁਣ ਸਟੇਜ 'ਤੇ ਕੁਲਵੀਰ ਅਤੇ ਸੋਨੀ ਹੀ ਰਹਿ ਜਾਂਦੇ ਹਨ)

ਕੁਲਵੀਰ : ਸੋਨੀ ਮੁਬਾਰਕ ਹੋਵੇ।

ਸੋਨੀ : ਫਿਫਟੀ ਫਿਫਟੀ।

ਕੁਲਵੀਰ : ਮੈਨੂੰ ਇੰਜ ਲੱਗ ਰਿਹੈ ਮੈਂ ਅਜੇ ਵੀ ਗੀਤ ਗਾ ਰਿਹਾਂ, ਨਹੀਂ ਸੱਚ ਤੂੰ ਗੀਤ ਗਾ ਰਹੀ ਏਂ। ਤੇਰੀ ਮਿੱਠੀ ਆਵਾਜ਼ ਮੇਰੇ ਕੰਨਾਂ ਨੂੰ ਮੰਤਰ ਮੁਗਧ...

ਸੋਨੀ : ਤੂੰ ਵੀ ਤਾਂ ਰਿਦਮ 'ਚ ਗਾਇਆ ਸੀ।

ਕੁਲਵੀਰ : ਸਟੇਜ 'ਤੇ ਤੇਰਾ ਸਾਥ ਸੀ, ਪਤਾ ਈ ਨਹੀਂ ਚੱਲਿਆ ਕਿਵੇਂ ਸੁਰ 'ਚ ਗੀਤ ਚਲਦਾ ਰਿਹਾ। ਤੇਰੇ ਚਿਹਰੇ ਦੇ ਹਾਵ ਭਾਵ...ਟੁੰਬ ਰਹੀ ਏ ਦਿਲ ਨੂੰ।

ਸੋਨੀ : ਤੇਰਾ ਫੇਸ ਇੰਪਰੈਸ਼ਨ ਕਿੰਨਾ ਨੈਚੁਰਲ ਸੀ।

ਕੁਲਵੀਰ : (ਮਸਤੀ ਵਿੱਚ) ਸੱਚ?

ਸੋਨੀ : ਹਾਂ, ਕਲਾਸ 'ਚ ਵੀ ਤੂੰ ਨੈਚੁਰਲ ਈ ਹੁੰਦੈਂ। ਬਨਾਉਟੀ ਚਿਹਰੇ ਬਥੇਰੇ ਨੇ ਕਾਲਜ ਵਿੱਚ।

ਕੁਲਵੀਰ : ਕਲਾਸ ਵਿਚ ਤੇਰਾ ਮੇਰਾ ਹੀ ਮੁਕਾਬਲਾ ਹੁੰਦੈ, ਕਦੇ ਤੂੰ ਫਸਟ ਕਦੇ ਮੈਂ।

ਸੋਨੀ : (ਮੁਸਕਰਾਉਂਦੀ ਹੋਈ) ਅੱਜ ਤਾਂ ਆਪਾਂ ਦੋਵੇਂ ਫਸਟ ਆਏ ਹਾਂ।

ਕੁਲਵੀਰ : ਡਰੀਮ ਕਮ ਟਰੂ।

ਸੋਨੀ : ਸੁਫਨਾ ਸੱਚ ਹੋਇਐ। ਪਰ ਸਲਾਨਾ ਇਮਤਿਹਾਨ 'ਚ ਵੇਖਦੇ ਹਾਂ ਕੀਹਦਾ ਸੁਫਨਾ ਸੱਚ ਹੁੰਦੈ।

ਕੁਲਵੀਰ : ਤੇਰਾ ਮੇਰਾ ਮੁਕਾਬਲਾ?

ਸੋਨੀ : ਹਾਂ, ਮੇਰੇ ਵੱਲੋਂ ਚੈਲਿੰਜ ਏ ਤੈਨੂੰ।

ਕੁਲਵੀਰ : ਮਜ਼ਾ ਆਏਗਾ। ਵੈਸੇ ਵੀ ਤੇਰੇ ਨਾਲ ਮੁਕਾਬਲਾ ਹੋਵੇ, ਮਾਣ ਵਾਲੀ ਗੱਲ ਹੁੰਦੀ ਏ।

ਸੋਨੀ : ਕਿਵੇਂ?

ਕੁਲਵੀਰ : ਜੇ ਮੈਂ ਫਸਟ ਆਇਆ ਤਾਂ ਵੀ ਖੁਸ਼ੀਆਂ, ਜੇ ਤੂੰ ਫਸਟ ਆਈ ਤਾਂ ਵੀ....

ਸੋਨੀ : ਹਾਰ ਕੇ ਵੀ?

ਕੁਲਵੀਰ : ਤੇਰੇ ਤੋਂ ਮਿਲੀ ਹਾਰ ਵੀ ਜਿੱਤ ਵਰਗੀ ਜਾਪਦੀ ਏ।

ਸੋਨੀ : ਐਨਾ ਖੁੱਲ੍ਹਾ ਦਿਲ?

ਕੁਲਵੀਰ : ਕਿਸਾਨ ਦਾ ਪੁੱਤਰ ਜੁ ਹੋਇਆ। ਅਸੀਂ ਪੈਲੀਆਂ ਦੇ ਪੁੱਤਰ ਤਕੜੇ ਦਿਲਾਂ ਦੇ ਮਾਲਕ ਹੁੰਦੇ ਹਾਂ।

ਸੋਨੀ : (ਥੋੜ੍ਹੀ ਹੈਰਾਨ ਹੁੰਦੀ ਹੋਈ) ਪਰ....ਇੱਕ ਹੱਟੀ ਵਾਲੇ ਦੀ ਲੜਕੀ ਦੇ ਫਸਟ ਆਉਣ 'ਤੇ ਪੈਲੀਆਂ ਦਾ ਪੁੱਤਰ ਖੁਸ਼ ਹੋ ਸਕਦੈ?....ਮੇਰੇ ਦਾਦੇ ਦੇ ਵੀ ਨਿੱਕੇ ਨਿੱਕੇ ਖੇਤ ਨੇ ਪਹਾੜਾਂ 'ਤੇ। ਪਰ ਮੇਰੇ ਡੈਡੀ ਨੇ ਇੱਥੇ ਆ ਕੇ ਹੱਟੀ ਪਾ ਲਈ।



ਕੁਲਵੀਰ : ਸੋਨੀ, ਤੁਹਾਨੂੰ ਪਹਾੜੀ ਇਲਾਕਾ ਛੱਡਿਆਂ ਕਿੰਨੇ ਸਾਲ ਹੋ ਗਏ?

ਸੋਨੀ : (ਸੋਚਦੀ ਹੋਈ) ਵਾਹਵਾ ਸਾਲ ਹੋ ਗਏ ਨੇ।

ਕੁਲਵੀਰ : ਵਾਹ, ਠੇਠ ਪੰਜਾਬੀ 'ਵਾਹਵਾ ਸਾਲ'।

ਸੋਨੀ : ਚੰਗੀ ਨਹੀਂ ਲਗਦੀ?

ਕੁਲਵੀਰ : ਸ਼ਹਿਦ ਤੋਂ ਵੱਧ ਮਿੱਠੀ ਏ। ਸੋਨੀ, ਤੁਹਾਡੇ ਘਰ ਪੰਜਾਬੀ ਚਲਦੀ ਏ ਜਾਂ ਪਹਾੜੀ?

ਸੋਨੀ : ਮੰਮੀ ਬੋਲ ਲੈਂਦੀ ਏ ਪਹਾੜੀ ਜਾਂ ਫੋਨ 'ਤੇ ਰਿਸ਼ਤੇਦਾਰਾਂ ਨਾਲ ਗੱਲ ਕਰਦੀ ਏ ਹਿੰਦੀ 'ਚ, ਬਾਕੀ ਸਾਡੇ ਸਾਰੇ ਮੁਹੱਲੇ 'ਚ ਠੇਠ ਪੰਜਾਬੀ ਹੀ ਚਲਦੀ ਏ।

ਕੁਲਵੀਰ : ਤੂੰ ਵੀ ਬੋਲ ਲੈਂਦੀ ਏਂ ਪਹਾੜੀ?

ਸੋਨੀ : ਮੈਂ ਤਾਂ ਇਸੇ ਨਗਰ 'ਚ ਪਲੀ ਆਂ, ਵੱਡੀ ਹੋਈ ਆਂ। ਆਪਾਂ ਗੱਪਾਂ ਮਾਰੀਆਂ ਪੰਜਾਬੀ 'ਚ, ਟਿੱਚਰਾਂ ਕੀਤੀਆਂ ਪੰਜਾਬੀ 'ਚ, ਨੱਚਿਆ ਗਾਇਆ ਤਾਂ ਵੀ ਪੰਜਾਬੀ 'ਚ। ਪਹਾੜੀ 'ਚ ਮੈਂ ਇੰਨੀ ਕੁ ਵਿਦਵਾਨ ਹਾਂ ਜਿੰਨਾ ਕੁ ਤੂੰ। (ਹੱਸਦੀ ਹੈ)

ਕੁਲਵੀਰ : ਫਿਰ ਤੂੰ.....ਬਾਕੀ ਜ਼ਿੰਦਗੀ ਪੰਜਾਬ 'ਚ ਹੀ ਬਿਤਾਏਂਗੀ। (ਸੋਨੀ ਗੰਭੀਰ ਹੋ ਜਾਂਦੀ ਹੈ) ਸੋਨੀ, ਕੀ ਹੋਇਐ?

ਸੋਨੀ : (ਉਦਾਸ ਆਵਾਜ਼ ਵਿਚ) ਕੰਚਨ ਦੀ ਯਾਦ ਆ ਗਈ...

ਕੁਲਵੀਰ : (ਹੈਰਾਨੀ ਵਿੱਚ) ਕੰਚਨ?

ਸੋਨੀ : ਕੰਚਨ ਮੇਰੀ ਵੱਡੀ ਭੈਣ ਏ। ਇਸੇ ਕਾਲਜ 'ਚ ਪੜ੍ਹਦੀ ਸੀ, ਮੈਥੋਂ ਤਿੰਨ ਜਮਾਤਾਂ ਸੀਨੀਅਰ ਸੀ। ਉਹਨੂੰ ਪਹਾੜਾਂ 'ਚ ਵਿਆਹ ਦਿੱਤਾ ਗਿਐ। ਅੱਛਾ ਕੁਲਵੀਰ, ਮੈਂ ਚਲਦੀ ਆਂ।

ਕੁਲਵੀਰ : ਪਰ ਕੰਚਨ ਬਾਰੇ ਕੁੱਝ?

ਸੋਨੀ : ਫਿਰ ਕਿਸੇ ਟਾਈਮ ਕਰਾਂਗੇ ਗੱਲ। ਚੰਗਾ, ਬਾਏ।

ਕੁਲਵੀਰ : (ਉਦਾਸੀ ਵਿੱਚ) ਬਾਏ....ਫਿਰ ਮਿਲਾਂਗੇ।

ਸੋਨੀ : ਓ.ਕੇ. (ਜਾਂਦੀ ਹੈ)

ਕੁਲਵੀਰ : (ਆਪਣੇ ਆਪ ਨਾਲ) ਮੁਕਾਬਲਾ ਜਿੱਤ ਕੇ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ...ਐਵੇਂ ਪਹਾੜਾਂ ਦੀਆਂ ਗੱਲਾਂ ਛੇੜ ਲਈਆਂ। ਸੋਨੀ....ਬੀ ਹੈਪੀ।

(ਹਨ੍ਹੇਰਾ ਹੋ ਜਾਂਦਾ ਹੈ)

## ਦ੍ਰਿਸ਼ ਦੂਜਾ

ਸਥਾਨ : ਸੋਨੀ ਦਾ ਘਰ (ਸਰਿਤਾ ਅਤੇ ਸੋਨੀ ਚਾਹ ਪੀ ਰਹੀਆਂ ਹਨ, ਦੋਵੇਂ ਕੁਝ ਤਨਾਓ ਦੀ ਸਥਿਤੀ ਵਿੱਚ ਹਨ)

ਸਰਿਤਾ : ਕਿਤਨੀ ਬਾਰ ਕਹਾ ਤੁਮੇ, ਕੁਛ ਸੀਖ ਲੇ ਅਪਨੀ ਬੋਲੀ। ਪਰੰਤੂ ਤੂਨੇ

ਕਿਆ ਸੀਖਾ?

ਸੋਨੀ : ਮੰਮੀ, ਮੈਨੂੰ ਆਪਣੀ ਬੋਲੀ ਬੋਲਣ ਦੇ। ਤੂੰ ਬੋਲੀ ਜਾ ਆਪਣੀ ਬੋਲੀ ਚਾਅ ਨਾਲ।

ਸਰਿਤਾ: ਤੁਮ ਕਬ ਸੀਖੋਗੀ ਅਪਨੀ ਮਾਤ ਭਾਸ਼ਾ? ਕਲ੍ਹ ਕੋ ਜਬ ਸ਼ਾਦੀ ਉਪਰਾਂਤ ਪਹਾੜੋਂ ਪਰ ਜਾਏਗੀ ਤੋ ਕੌਣ ਸੁਣੇਗਾ ਤੇਰੀ ਬੋਲੀ?

ਸੋਨੀ : ਮੰਮੀ, ਛੱਡ ਪਰ੍ਹੇ ਇਵੇਂ ਦੀਆਂ ਗੱਲਾਂ। ਮੈਂ ਸਲਾਨਾ ਪੇਪਰ ਦੇਣੇ ਨੇ, ਅਜੇ ਮੈਂ ਆਪਣੀ ਲਾਈਫ ਬਣਾਉਣੀ ਏ ਵੱਧ ਤੋਂ ਵੱਧ ਨੰਬਰ ਲੈ ਕੇ।

ਸਰਿਤਾ: ਤੂ ਡਿਪਟੀ ਕਮਿਸ਼ਨਰ ਬਣ ਜਾਏਗੀ ਬੀ.ਏ. ਕਰਨੇ ਕੇ ਪਸ਼ਚਾਤ!

(ਕੰਚਨ ਆਉਂਦੀ ਹੈ, ਉਸ ਦੇ ਹੱਥ ਵਿੱਚ ਇੱਕ ਲਿਫਾਫ਼ਾ ਹੈ।)

ਆ ਮੇਰੀ ਬੇਟੀ, ਕੈਸੇ ਹੋ?

ਕੰਚਨ : (ਲੜਖੜਾਉਂਦੀ ਆਵਾਜ਼ ਵਿਚ) ਮੰਮੀ.... ਪਾਣੀ....

ਸੋਨੀ : ਕੰਚਨ ਠੀਕ ਏਂ ਤੂੰ?

ਕੰਚਨ : ਤੈਨੂੰ ਵੇਖ ਕੇ ਠੀਕ ਹਾਂ ਸੋਨੀ।

ਸਰਿਤਾ: (ਕੰਚਨ ਨੂੰ ਪਾਣੀ ਦਾ ਗਲਾਸ ਦਿੰਦੀ ਹੋਈ) ਲੇ ਪੀ ਲੇ ਪਾਣੀ। (ਕੰਚਨ ਤੇਜ਼ੀ ਤੇਜ਼ੀ ਪਾਣੀ ਪੀਂਦੀ ਹੈ) ਆਜ ਲਿਫਾਫ਼ਾ ਲੇ ਕਰ ਆਈ, ਤੇਰਾ ਅਟੈਚੀ ਕੇਸ ਕਹਾਂ ਗਯਾ?

ਕੰਚਨ : ਮੰਮੀ, ਹਿੰਮਤ ਨਹੀਂ ਪਈ ਸਰੀਰ ਦੀ ਅਟੈਚੀ ਚੁੱਕਣ ਵਾਸਤੇ।

ਸਰਿਤਾ: ਅਪਨੇ ਸਸੁਰਾਲ ਕਾ ਹਾਲ ਬਤਾ?

ਕੰਚਨ : ਕੀ ਕਰਾਂ ਸਸੁਰਾਲ ਨੂੰ.... ਸਰੀਰ 'ਚ ਜਾਨ ਨਹੀਂ.... ਮੈਨੂੰ ਲੇਟ ਲੈਣ ਦੇ ਜ਼ਰਾ।

ਸਰਿਤਾ: ਤੂਨੇ ਸੀਖੀ ਨਹੀਂ ਉਧਰ ਕੀ ਬੋਲੀ?

ਕੰਚਨ : ਬੋਲ ਲੈਣੀ ਆਂ ਗੁਜ਼ਾਰੇ ਜੋਗੀ...ਜਦ ਸਰੀਰ ਦੀ ਤਾਕਤ ਜਵਾਬ ਦੇ ਦਿੰਦੀ ਏ ਤਾਂ ਇੱਥੋਂ ਦੀ ਬੋਲੀ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੀ ਏ।

ਸਰਿਤਾ: ਤੇਰੇ ਲੀਏ ਖਾਣਾ ਤਿਆਰ ਕਰਤੀ ਹੂੰ। ਲੇਟ ਜਾ ਚਾਰਪਾਈ ਪੇ। ਨਾ ਜਾਨੇ ਇਸ ਲੜਕੀ ਪਰ ਕੌਣ ਸਾ ਸਰਾਪ ਪੜ ਗਯਾ।

(ਸਰਿਤਾ ਚਲੀ ਜਾਂਦੀ ਹੈ)

ਸੋਨੀ : ਕੰਚਨ ਮੇਰੀ ਭੈਣ, ਤੇਰਾ ਇਹ ਹਾਲ?

ਕੰਚਨ : ਜਿੱਥੇ ਧੱਕੇ ਨਾਲ ਜੂੜ ਦਿੱਤਾ ਜਾਏ.... ਕਿਵੇਂ ਖੁਸ਼ ਰਹਿ ਸਕਦੈ ਮਨ।

ਸੋਨੀ : ਤੇਰਾ ਚਿਹਰਾ ਵੇਖ ਕੇ ਤਾਂ ਮੇਰੀ ਜਾਨ ਹੀ ਨਿਕਲ ਗਈ। ਦਗ ਦਗ ਕਰਦਾ ਗੁਲਾਬ ਵਰਗਾ ਚਿਹਰਾ ਸੀ ਤੇਰਾ.... ਕਿਵੇਂ ਪੱਤਝੜ ਵਾਂਗ ਪੀਲਾ ਤੇਰਾ ਰੰਗ ਹੋ ਗਿਐ।

ਕੰਚਨ : ਹਾਂ, ਮੈਂ ਪੱਤਝੜ ਹੀ ਹਾਂ (ਡੂੰਘਾ ਸਾਹ ਲੈਂਦੀ ਹੋਈ) ਰੁੱਤਾਂ ਬਦਲਦੀਆਂ ਸੀ ਕਦੇ ਮੇਰੀ ਲਾਈਫ 'ਚ...ਬਹਾਰਾਂ ਸੰਗ ਚੁੰਗੀਆਂ



ਭਰਦੀ ਸੀ.... ਪਰ ਹੁਣ ਤਰਸ ਗਈ ਹਾਂ ਬੀਤ ਗਏ ਨੂੰ।

ਸੋਨੀ : (ਉਦਾਸੀ ਵਿਚ) ਤਾਂ ਹੀ ਤਾਂ ਹਲਕਾ ਜਿਹਾ ਲਿਫਾਫ਼ਾ ਤੇਰੇ ਹੱਥਾਂ 'ਚ ਡੋਲਦਾ ਪਿਆ ਸੀ। (ਗੱਲ ਬਦਲਦੀ ਹੋਈ) ਹਾਂ ਸੱਚ, ਸਪੋਰਟਸ ਕੋਚ ਤੇਰੀਆਂ ਸਿਫਤਾਂ ਦੇ ਪੁਲ ਬੰਨ੍ਹਦੀ ਸੀ।

ਕੰਚਨ : (ਉਤਸੁਕਤਾ ਵਿਚ) ਕੀ ਕਹਿੰਦੀ ਸੀ ਮੈਡਮ? ਮੈਨੂੰ ਅਜੇ ਵੀ ਯਾਦ ਕਰਦੀ ਏ?

ਸੋਨੀ : ਤੇਰੀਆਂ ਮਿਸਾਲਾਂ ਦੇ ਕੇ ਉਹ ਹੋਰ ਖਿਡਾਰਨਾਂ ਨੂੰ ਪ੍ਰੇਰਦੀ ਸੀ। ਕਹਿੰਦੀ ਸੀ-ਸੋਨੀ ਦੀ ਸਿਸਟਰ ਕੰਚਨ ਨੇ ਦੌੜਾਂ 'ਚ ਯੂਨੀਵਰਸਿਟੀ ਦੇ ਕਈ ਰਿਕਾਰਡ ਤੋੜੇ ਤੇ ਕਾਲਜ ਦਾ ਨਾਂ ਰੋਸ਼ਨ ਕਰ ਦਿੱਤਾ।

(ਕੰਚਨ ਦੇ ਚਿਹਰੇ 'ਤੇ ਚਮਕ ਆਉਂਦੀ ਹੈ)

ਕੰਚਨ : ਹਾਂ, ਉਹ ਵਕਤ ਮੇਰਾ ਗੋਲਡਨ ਪੀਰੀਅਡ ਸੀ। ਕਾਲਜ ਦੇ ਟਾਈਮ ਦਾ ਇੱਕ ਇੱਕ ਪਲ ਹੈਵਨ ਸੀ ਹੈਵਨ। ਕਾਲਜ ਵੱਲੋਂ ਜਿੰਨੇ ਟੂਰ ਪ੍ਰੋਗਰਾਮ ਬਣਾਏ ਗਏ, ਮੇਰੀਆਂ ਹੁਸੀਨ ਯਾਦਾਂ ਬਣ ਗਏ।... ਤੂੰ ਤਾਂ ਖੁਸ਼ ਏਂ ਨਾ ਸੋਨੀ?

ਸੋਨੀ : ਪੂਰੀ ਮਸਤੀ ਮਾਰਦੇ ਆਂ। ਪੜ੍ਹਾਈ 'ਚ ਵੀ ਟਾਪ 'ਤੇ। ਗਾਉਣ ਵਿੱਚ ਜਾਂ ਗਿੱਧਾ ਪਾਉਣ ਵਿਚ ਵੀ ਮੇਲਾ ਆਪਾਂ ਈ ਲੁੱਟਣਾ ਹੁੰਦੈ।

ਕੰਚਨ : ਅਖ਼ਬਾਰਾਂ 'ਚ ਤੇਰੇ ਬਾਰੇ ਖ਼ਬਰਾਂ ਪੜ੍ਹਦੀ ਹੀ ਰਹਿੰਦੀ ਹਾਂ, ਤੇਰੀ ਫੋਟੋ ਨੂੰ 'ਕਿਸ' ਕਰਦੀ ਹਾਂ ਤਾਂ ਮਨ ਵੀ ਥੋੜ੍ਹੇ ਚਿਰ ਟਿਕਾਣੇ ਆ ਜਾਂਦੈ.... ਫਿਰ ਆਪਣੇ ਸਮਿਆਂ ਨੂੰ ਯਾਦ ਕਰਦੀ ਹਾਂ ਤੇ ਗ਼ਮਾਂ ਦੇ ਸਮੁੰਦਰ 'ਚ ਗੋਤੇ ਖਾ ਰਹੀ ਹੁੰਦੀ ਹਾਂ।

ਸੋਨੀ : ਜੀਜੇ ਦਾ ਕੀ ਹਾਲ ਏ?

ਕੰਚਨ : ਕਲਰਕਾਂ ਦਾ ਕਾਹਦਾ ਹਾਲ। ਸਿਰ ਤੁੰਨਿਆ ਹੁੰਦੈ ਕਾਗਜ਼ਾਂ ਦੇ ਢੇਰ ਵਿਚ ਚੌਵੀ ਘੰਟੇ।

ਸੋਨੀ : ਤੇਰੇ ਨਾਲ ਤਾਂ ਠੀਕ ਏ ਨਾ?

ਕੰਚਨ : ਮੇਰੇ ਨਾਲੋਂ ਵੱਧ ਫਿਕਰ ਰਹਿੰਦੈ ਫਾਈਲਾਂ ਦਾ। ਥੋੜ੍ਹੀ ਵਿਹਲ ਹੋਵੇ ਤਾਂ ਸਿਗਰਟ ਪੀਂਦੈ, ਨਾਲ ਈ ਸਾਰਾ ਕਮਰਾ ਧੂੰਏਂ ਨਾਲ ਭਰ ਜਾਂਦੈ। ਰਾਤ ਕਦੇ ਖੰਘਣ ਲੱਗ ਪੈਂਦੈ ਤੇ ਨਾਲ ਮੇਰੀ ਜਾਨ ਵੀ ਸੂਲੀ 'ਤੇ....

(ਰੋ ਪੈਂਦੀ ਹੈ)

ਸੋਨੀ : ਓ ਮਾਈ ਗਾਡ! ਬੜੀ ਟੱਫ ਏ ਲਾਈਫ ਤੇਰੀ।

ਕੰਚਨ : ਦਫਤਰੋਂ ਫਾਈਲਾਂ ਘਰ ਚੁੱਕ ਲਿਆਉਂਦਾ ਏ। ਦਸ ਵੀਹ ਰੁਪਏ ਪਿੱਛੇ ਐਰੇ ਗੈਰੇ ਦੇ ਫਾਰਮ ਭਰਦਾ ਰਹਿੰਦੈ।

ਸੋਨੀ : ਪੈਸੇ ਦਾ ਪੀਰ। ਰਿਸ਼ਵਤ ਤਾਂ ਨਹੀਂ ਲੈਂਦਾ ਲੋਕਾਂ ਤੋਂ?

ਕੰਚਨ : ਛੱਡਦਾ ਕੀਹਨੂੰ ਏ। ਇਕ ਗਰੀਬ ਬੰਦੇ ਕੋਲ ਰਿਸ਼ਵਤ ਦੇਣ ਲਈ

ਵੀਹ ਰੁਪਏ ਨਹੀਂ ਸਨ ਤਾਂ ਉਸ ਪਾਸੋਂ ਸਿਗਰਟਾਂ ਦੀ ਹੀ ਡੱਬੀ ਮੰਗਵਾ ਲਈ।

ਸੋਨੀ : ਹਾਏ ਮੈਂ ਮਰ ਗਈ, ਕਾਹਦਾ ਹੋਇਆ ਮਿਆਰ ਉਸਦਾ।

ਕੰਚਨ : ਉਹਦੇ ਐਸੇ ਮਿਆਰ ਨੇ ਮੈਨੂੰ ਕੀਤੈ ਬਿਮਾਰ। ਮੇਰਾ ਬਲੱਡ ਪਰੈਸ਼ਰ ਘੱਟ ਜਾਂਦੈ, ਚੱਕਰ ਆਉਣ ਲਗਦੇ ਨੇ..... ਖ਼ੂਨ ਵੀ ਪੂਰਾ ਨਹੀਂ।

ਸੋਨੀ : ਕੰਚਨ ਮੇਰੀ ਭੈਣ, ਤੂੰ ਸਾਡੇ ਕੋਲ ਰਹਿ ਦੋ ਚਾਰ ਮਹੀਨੇ। ਨੌ ਬਰ ਨੌ ਹੋ ਜਾਏਂਗੀ।

ਕੰਚਨ : ਮੰਮੀ ਰਹਿਣ ਦੇਵੇਗੀ ਤਾਂ ਹੀ ਨਾ?

ਸੋਨੀ : ਮੰਮੀ ਨੂੰ ਆਖਾਂਗੀ ਰੋੜ੍ਹ ਦੇ ਫਿਰ ਦਰਿਆ 'ਚ, ਬਿਆਸ ਦਰਿਆ ਨੇੜੇ ਈ ਵਗਦੈ।

ਕੰਚਨ : ਸਿਸਕ ਸਿਸਕ ਕੇ ਜੀਣ ਨਾਲੋਂ ਤਾਂ ਦਰਿਆ ਵਿਚ ਹੀ ਛਾਲ ਮਾਰਨੀ ਚੰਗੀ ਏ।

(ਪਿੱਛੋਂ ਸਰਿਤਾ ਦੇ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ)

ਗੀਤ ਦੀ ਆਵਾਜ਼ : ਮੇਰੇ ਪਰਵਤ ਗਰਜੇ ਗੂੰਜੇ, ਨਦਿਆਂ ਫੁੰਕਾਰੇ ਪਾਏ,
ਧਰਤੀ ਨੇ ਕਰਵਟ ਬਦਲੀ, ਗਗਨ ਭੀ ਸ਼ੋਰ ਮਚਾਏ,
ਪੱਥਰ ਕੰਨੈ ਟੋਹਲੀ ਬੋਹਲਣ, ਰਿਢਿਆਂ ਪਰ ਪਖਰੂ ਗਾਏ,
ਮੋਰਾਂ ਨੇ ਪਾਇਲ ਪਾਈ, ਗਾ-ਬਛੂ ਖ਼ੂਬ ਰੰਭਾਏ।

ਕੰਚਨ : ਮੰਮੀ ਗਾਉਂਦੀ ਪਈ ਏ ਪਹਾੜੀ ਗੀਤ।

ਸੋਨੀ : ਰਸੋਈ 'ਚ ਗਾ ਕੇ ਮਨ ਪਰਚਾ ਲੈਂਦੀ ਏ, ਕਦੇ ਕਦੇ ਬਾਥਰੂਮ ਸਿੰਗਰ ਵੀ ਬਣ ਜਾਂਦੀ ਏ।

(ਸਰਿਤਾ ਦੇ ਗੀਤ ਦੀ ਆਵਾਜ਼ ਹੋਰ ਉੱਚੀ ਹੋ ਜਾਂਦੀ ਹੈ)

ਗੀਤ ਦੀ ਆਵਾਜ਼ : ਅਸਾਂ ਗਰ ਗਰ ਖ਼ੂਬ ਸਜਾਣਾ, ਕਨੈ ਅਪਨਾ ਆਪ ਬਣਾਨਾ,
ਦੂਖ ਦਲਿਦਰ ਦੂਰ ਨਸਾਹਣਾ, ਕਨੈ ਸੁੰਦਰ ਦੇਸ਼ ਬਨਾਣਾ।
ਅਸਾਂ ਸਾਦਾ ਖਾਣਾ-ਲਾਣਾ, ਕਨੈ ਬੱਤ ਬਟੂਰੂ ਖਾਣਾ,
ਅਸਾਂ ਅਪੂ ਭੀ ਖੁਸ਼ ਰੈਹਣਾ, ਕਨੈ ਦੁਨੀਆ ਜੋ ਖ਼ੂਬ ਹਸਾਣਾ।

ਕੰਚਨ : ਸੋਨੀ, ਤੂੰ ਕੋਈ ਗੀਤ ਸੁਣਾ ਆਪਣੀ ਮਿੱਠੀ ਆਵਾਜ਼ 'ਚ। ਮੈਂ ਲੇਟ ਕੇ ਸੁਣਦੀ ਹਾਂ।

(ਕੰਚਨ ਮੰਜੇ 'ਤੇ ਲੇਟ ਜਾਂਦੀ ਹੈ)

ਸੋਨੀ : (ਗਾਉਂਦੀ ਹੋਈ) ਦੋ ਪੱਤਰ ਅਨਾਰਾਂ ਦੇ,
ਸਾਡਾ ਦੁੱਖ ਸੁਣ ਕੇ,
ਰੋਂਦੇ ਪੱਥਰ ਪਹਾੜਾਂ ਦੇ।

ਕੰਚਨ : (ਖਿਝਦੀ ਹੋਈ) ਕੋਈ ਹੋਰ ਗਾ। ਤੈਨੂੰ ਕਿੰਨੇ ਗੀਤ ਜ਼ੁਬਾਨੀ ਯਾਦ ਨੇ।

ਸੋਨੀ : (ਗਾਉਂਦੀ ਹੋਈ) ਤੇਰੇ ਲੌਂਗ ਦਾ ਪਿਆ ਲਿਸ਼ਕਾਰਾ
ਹਾਲੀਆਂ ਨੇ ਹੱਲ ਡੱਕ ਲਏ।



ਕੰਚਨ : ਵਾਹ! ਗਾਈ ਜਾ....

ਸੋਨੀ : ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਕੀਤੀਆਂ।
ਰੱਬ ਵਰਗਾ ਆਸਰਾ ਤੇਰਾ
ਲੰਘੀਓਂ ਮਰੋੜਾ ਮਾਰ ਕੇ।

(ਕੰਚਨ ਨੂੰ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ)

ਸੋਨੀ : ਕੰਚਨ ਸੁਣਦੀ ਏਂ?

ਕੰਚਨ : (ਅੱਧ ਨੀਂਦੀ ਅਵਸਥਾ ਵਿਚ) ਹਾਂ...ਹਾਂ....ਹੋਰ ਗਾ।

ਸੋਨੀ : ਇਹ ਧਰਤ ਪੰਜਾਬ ਦੀ
ਜਿੱਥੇ ਵਗਦੇ ਪੰਜ ਦਰਿਆ।
ਇੱਥੇ ਮਿੱਟੀ ਉਗਲੇ ਸੋਨਾ
ਮੇਰਾ ਖੇਤ ਹਰਿਆ ਭਰਿਆ।
ਇਹ ਧਰਤ ਪੰਜਾਬ ਦੀ....

(ਗੀਤ ਗਾਉਣਾ ਬੰਦ ਕਰਦੀ ਹੈ)

ਕੰਚਨ ਤਾਂ ਸੌਂ ਗਈ, ਥੱਕੀ ਟੁੱਟੀ ਏ ਵਿਚਾਰੀ.... ਪਤਾ ਨਹੀਂ ਚੰਗੀ ਨੀਂਦਰ ਵੀ ਨਸੀਬ ਹੁੰਦੀ ਏ ਕਿ ਨਹੀਂ। ਹੁਣ ਤਾਂ ਘੋੜੇ ਵੇਚ ਕੇ ਸੁੱਤੀ ਪਈ ਏ। ਚੰਗਾ ਹੋਇਐ, ਜਾਗੇਗੀ ਤਾਂ ਸਾਰੀ ਥਕਾਵਟ ਉੱਡ ਪੁੱਡ ਜਾਵੇਗੀ।

(ਸੋਨੀ ਮੱਧਮ ਆਵਾਜ਼ ਵਿਚ ਗੁਣਗੁਣਾਉਂਦੀ ਹੈ)
ਇਹ ਧਰਤ ਪੰਜਾਬ ਦੀ,
ਜਿੱਥੇ ਵਗਦੇ ਪੰਜ ਦਰਿਆ।

(ਹਨ੍ਹੇਰਾ)

## ਦ੍ਰਿਸ਼ ਤੀਜਾ

ਸਥਾਨ : ਕਾਲਜ ਦਾ ਕੰਪਲੈਕਸ

(ਸੋਨੀ ਆਸੇ ਪਾਸੇ ਇੰਜ ਵੇਖ ਰਹੀ ਹੈ ਜਿਵੇਂ ਕਿਸੇ ਨੂੰ ਲੱਭ ਰਹੀ ਹੋਵੇ। ਫਿਰ ਆਪਣੇ ਆਪ ਨਾਲ ਗੱਲਾਂ ਕਰਨ ਲਗਦੀ ਹੈ)

ਸੋਨੀ : ਕਿੰਨਾ ਸੋਹਣਾ ਏ ਮੇਰਾ ਕਾਲਜ! ਇਹਦੇ ਲਾਅਨ 'ਚ ਬੈਠ ਕੇ ਸਹੇਲੀਆਂ ਨਾਲ ਖੁੱਲ੍ਹਾ ਡੁੱਲ੍ਹਾ ਹਾਸਾ ਹੱਸੀ। ਕਲਚਰਲ ਪ੍ਰੋਗਰਾਮ ਵਾਲੀ ਸਟੇਜ 'ਤੇ ਮੈਂ ਕਿੰਨੀ ਵਾਰ ਨੱਚੀ, ਕਿੰਨੇ ਗੀਤ ਗਾਏ। ਸਭ ਮਿੱਠੀਆਂ ਯਾਦਾਂ ਬਣ ਗਈਆਂ ਮੇਰੀਆਂ। ਜਦ ਕਦੇ ਮਨ ਬੇਚੈਨ ਹੁੰਦੈ ਤਾਂ ਕਾਲਜ ਦੀਆਂ ਯਾਦਾਂ ਮਨ 'ਚ ਐਸਾ ਰਸ ਭਰਦੀਆਂ ਨੇ ਕਿ ਮਨ ਅਰਸ਼ਾਂ 'ਚ ਉਡਾਰੀਆਂ ਮਾਰਨ ਲਗਦੈ। ਇਹਨਾਂ ਰਸਤਿਆਂ ਦੇ ਦੋਵੇਂ ਪਾਸੇ ਰੰਗ ਬਰੰਗੇ ਫੁੱਲ ਮੁਸਕਰਾਉਂਦੇ ਨੇ ਤਾਂ ਮੇਰੇ ਸੱਚੇ ਸਾਥੀ ਜਾਪਦੇ ਨੇ ਸੱਚੇ ਸਾਥੀ।

(ਕੁਲਵੀਰ ਆਉਂਦਾ ਹੈ)

ਕੁਲਵੀਰ : (ਸੋਨੀ ਦੇ ਸ਼ਬਦਾਂ ਨੂੰ ਸੁਣਨ ਉਪਰੰਤ) ਆਪਾਂ ਨਹੀਂ ਸੱਚੇ ਸਾਥੀ, ਸਾਡੇ 'ਚ ਕੋਈ ਖੋਟ ਏ?

ਸੋਨੀ : (ਖੁਸ਼ੀ ਵਿਚ) ਮੈਂ ਤੈਨੂੰ ਈ ਉਡੀਕ ਰਹੀ ਸੀ।

ਕੁਲਵੀਰ : ਤੇ ਮੇਰੀਆਂ ਨਜ਼ਰਾਂ ਤੈਨੂੰ ਈ ਲੱਭ ਰਹੀਆਂ ਸਨ ਇਹਨਾਂ ਫੁੱਲਾਂ ਵਿਚ।

ਸੋਨੀ : ਤੂੰ, ਮੈਂ ਤੇ ਇਹ ਫੁੱਲਾਂ ਦੇ ਨਜ਼ਾਰੇ।
(ਗਾਉਂਦੀ ਹੈ)
ਫੁੱਲ ਤਾਂ ਕਿੰਨੇ ਸੋਹਣੇ ਲਗਦੇ
ਇਹਦੇ ਵਿੱਚ ਕੀ ਰਾਜ ਹੈ।
ਤੈਨੂੰ ਵੇਖ ਕੇ ਸੋਹਣੇ ਹੋ ਗਏ
ਇਹ ਹੀ ਅਸਲੀ ਬਾਤ ਹੈ।

ਕੁਲਵੀਰ : ਵਾਹ ! ਦਿਲ ਕਰਦੈ ਸੁਣੀ ਜਾਵਾਂ।

ਸੋਨੀ : ਕਿੱਥੇ ਰਹਿੰਦੇ ਹੋ ਜਨਾਬ?

ਕੁਲਵੀਰ : ਕੱਲ੍ਹ ਤੇਰੇ ਘਰ ਕੋਲੋਂ ਲੰਘਿਆ ਕਿ ਹਜ਼ੂਰ ਦੇ ਦੀਦਾਰ ਹੋ ਜਾਣ ਪਰ...ਤੇਰੇ ਮਹਿਲਾਂ ਨੂੰ ਸਿਜਦਾ ਕੀਤਾ ਤਾਂ ਦਿਲ ਨੂੰ ਠੰਡ ਪੈ ਗਈ।

ਸੋਨੀ : ਮੇਰੇ ਮਹਿਲ?

ਕੁਲਵੀਰ : ਜਿਹੜੇ ਥਾਂ ਸੋਨੀ ਰਹਿ ਰਹੀ ਹੋਵੇ, ਉਸ ਥਾਂ ਦੇ ਮੁਕਾਬਲੇ ਵੱਡੇ ਵੱਡੇ ਆਲੀਸ਼ਾਨ ਮਹਿਲ ਵੀ ਬੌਣੇ ਹੋ ਜਾਂਦੇ ਨੇ।

ਸੋਨੀ : ਹੁਣ ਬਸ ਵੀ ਕਰੋ ਕਵੀ ਸਾਹਿਬ. ਅੱਜ ਅਖੀਰਲਾ ਪੇਪਰ ਏ ਮਾਤ ਭਾਸ਼ਾ ਪੰਜਾਬੀ ਦਾ।

ਕੁਲਵੀਰ : ਪਹਿਲੇ ਪੇਪਰ ਕਿਵੇਂ ਰਹੇ ਸੋਨੀ?

ਸੋਨੀ : ਇੱਕ ਤੋਂ ਚੜ੍ਹਦਾ ਇੱਕ। ਐਕਸੇਲੈਂਟ, ਇੱਕ ਇੱਕ ਪੇਪਰ ਪੂਰੀ ਰੀਝ ਨਾਲ ਅਟੈਂਪਟ ਕੀਤੈ ਸੌ ਪਰਸੈਂਟ। ਕਿੱਥੋਂ ਨੰਬਰ ਕੱਟੇਗਾ ਅਗਜ਼ਾਮੀਨਰ। ਬਸ ਅੱਜ ਦਾ ਪੇਪਰ ਈ ਰਹਿ ਗਿਆ, ਇਹ ਤਾਂ ਆਪਣਾ ਈ ਪੇਪਰ ਏ।

ਕੁਲਵੀਰ : ਤੂੰ ਇੰਨੀ ਦੀਵਾਨੀ ਏਂ ਪੰਜਾਬੀ ਦੀ?

ਸੋਨੀ : ਹੋਵਾਂ ਵੀ ਕਿਉਂ ਨਾ। ਮੈਂ ਪੰਜਾਬਣ ਹਾਂ, ਮੈਂ ਪੂਰੀ ਪੰਜਾਬਣ ਹਾਂ।

ਕੁਲਵੀਰ : ਤੇਰੀ ਕਵਿਤਾ 'ਮੈਂ ਪੰਜਾਬਣ ਹਾਂ' ਕਮਾਲ ਦੀ ਕਵਿਤਾ ਸੀ। ਤੂੰ ਉਸ ਕਵਿਤਾ ਦਾ ਗਾਇਣ ਕਰਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ ਸੀ।

ਸੋਨੀ : ਪਤਾ ਨਹੀਂ ਉਹ ਕਵਿਤਾ ਮੈਂ ਕਿਵੇਂ ਲਿਖ ਦਿੱਤੀ। ਸ਼ਾਇਦ ਮੇਰੀ ਰੂਹ 'ਚੋਂ ਨਿਕਲੀ ਸੀ।

ਕੁਲਵੀਰ : (ਇੱਕ ਪਾਸੇ ਇਸ਼ਾਰਾ ਕਰਦਾ ਹੋਇਆ) ਸੋਨੀ, ਉਹ ਸਾਹਮਣੇ ਵੇਖ ਸਾਡੀ ਜਮਾਤ ਦੀਆਂ ਕੁੜੀਆਂ। ਕਿੰਨੀਆਂ ਹੀ ਕੁੜੀਆਂ ਨੇ ਜੀਨ



ਦੀਆਂ ਪੈਂਟਾਂ ਪਾਈਆਂ ਨੇ। ਕਿਵੇਂ ਦੀਆਂ ਲਗਦੀਆਂ ਨੇ ਤੈਨੂੰ?

ਸੋਨੀ : ਇੱਕ ਦੋ ਨੂੰ ਛੱਡ ਕੇ ਸਾਰੀਆਂ ਨੇ ਆਪਣਾ ਜਲੂਸ ਆਪੇ ਹੀ ਕੱਢ ਲਿਐ। ਬਬਲੀ ਵੱਲ ਝਾਤੀ ਮਾਰ, ਕਿੰਨੀ ਜੱਚਦੀ ਏ ਤਿੰਨ ਫੁੱਟੀ ਮੁਟਿਆਰ ! ਚਾਰਲੀ ਦਾ ਲੱਕ ਵੇਖ, ਕਿਵੇਂ ਜਾਪਦੈ?

ਕੁਲਵੀਰ : ਤੈਨੂੰ ਕਿਵੇਂ ਜਾਪਦੈ?

ਸੋਨੀ : ਸ਼ਿਕਾਰੀ ਕੁੱਤੀ ਵਰਗਾ। (ਦੋਵੇਂ ਹੱਸਦੇ ਹਨ)

ਕੁਲਵੀਰ : ਸੋਨੀ, ਜੇ ਤੂੰ ਪੈਂਟ ਪਾਵੇਂ ਤਾਂ ਪੱਕਾ ਜੱਚੇਂਗੀ।

ਸੋਨੀ : ਕਈਆਂ ਨੇ ਮੈਨੂੰ ਪਹਿਲਾਂ ਵੀ ਇੰਜ ਹੀ ਕਿਹੈ। ਲੋਕ ਕਹਿੰਦੇ ਨੇ ਤੇਰੀ ਹਾਈਟ ਠੀਕ ਏ, ਤੇਰਾ ਸਰੀਰ ਨਾ ਪਤਲਾ ਏ ਨਾ ਮੋਟਾ।

ਕੁਲਵੀਰ : ਸਰੀਰ ਤਾਂ ਰੱਬ ਨੇ ਪੂਰੀ ਮਸਤੀ 'ਚ ਆਪਣਾ ਚਾਅ ਪੂਰਾ ਕਰਦੇ ਘੜਿਐ। ਨਸ਼ੀਲੀਆਂ ਅੱਖਾਂ, ਗੋਲ ਚਿਹਰਾ ਤੇ ਹਿਰਨੀ ਵਰਗੀ ਤੋਰ।

ਸੋਨੀ : ਜਿਉਂ ਪੈਲਾਂ ਪਾਉਂਦੇ ਮੋਰ। ਕੁਲਵੀਰ, ਉਹ ਵੇਖ ਦੀਪੀ ਵੀ ਆ ਗਈ ਏ ਪੈਂਟ ਤੇ ਲੰਡੀ ਸ਼ਰਟ ਵਿੱਚ।

ਕੁਲਵੀਰ : ਨਿਰੀ ਪਹਾੜੀ ਕਾਂ ਵਰਗੀ।
(ਹੱਸਦਾ ਹੈ ਪਰ ਸੋਨੀ ਗੰਭੀਰ ਹੋ ਜਾਂਦੀ ਹੈ)
ਸੋਨੀ, ਤੇਰਾ ਚਿਹਰਾ ਉਤਰ ਗਿਐ? ਕਿਹੜੀ ਦੁਨੀਆਂ 'ਚ ਪਹੁੰਚ ਗਈ ਸੋਨੀ?

ਸੋਨੀ : ਦੀਪੀ ਨੂੰ ਪਹਾੜੀ ਤਾਂ ਕਿਹੈ, ਅਚਾਨਕ ਕੰਚਨ ਯਾਦ ਆ ਗਈ।

ਕੁਲਵੀਰ : ਕੀ ਹਾਲ ਏ ਤੇਰੀ ਸਿਸਟਰ ਦਾ?

ਸੋਨੀ : (ਲੰਮਾ ਸਾਹ ਲੈਂਦੀ ਹੋਈ) ਕਾਹਦਾ ਹਾਲ....ਆਹ ਕਾਲਜ ਦੀ ਗਰਾਊਂਡ 'ਚ ਹਲਚਲ ਮਚਾਉਣ ਵਾਲੀ ਵਿਚਾਰੀ..
(ਭਾਵਕ ਹੋ ਜਾਂਦੀ ਹੈ)

ਕੁਲਵੀਰ : ਕੀ ਹੋਇਐ ਕੰਚਨ ਨੂੰ?

ਸੋਨੀ : ਹੱਡੀਆਂ ਦੀ ਮੁੱਠ ਬਣ ਗਈ....ਕਹਿੰਦੀ ਏ ਪਹਾੜਾਂ 'ਤੇ ਦਿਲ ਨਹੀਂ ਲਗਦਾ। ਜਿਸ ਕੁੜੀ ਨੇ ਜ਼ਿੰਦਗੀ ਦੇ ਵੀਹ ਇੱਕੀ ਸਾਲ ਇਸ ਨਗਰ 'ਚ ਰੌਣਕ ਲਾਈ ਹੋਵੇ, ਉਹ ਇਸ ਨਗਰ ਤੋਂ ਦੂਰ....ਦਾਦੇ ਦੇ ਕਹਿਣ 'ਤੇ ਮੰਮੀ ਡੈਡੀ ਲੈ ਗਏ ਉੱਥੇ, ਝੱਟ ਮੰਗਣੀ, ਪੱਟ ਵਿਆਹ....।

ਕੁਲਵੀਰ : ਓ ਮੇਰਿਆ ਰੱਬਾ....(ਉਦਾਸ ਹੋ ਜਾਂਦਾ ਹੈ)

ਸੋਨੀ : ਤੂੰ ਕਿਉਂ ਉਦਾਸ ਹੋ ਗਿਐਂ?

ਕੁਲਵੀਰ : ਹਾਂ....ਗੱਲ ਸਹੇ ਦੀ ਨਹੀਂ ਪਹੇ ਦੀ ਏ।

ਸੋਨੀ : ਮਤਲਬ?

ਕੁਲਵੀਰ : ਕਿਤੇ ਤੇਰੇ ਨਾਲ ਨਾ ਇੰਜ ਵਾਪਰ ਜਾਏ।

ਸੋਨੀ : (ਦ੍ਰਿੜ੍ਹਤਾ ਨਾਲ) ਪਰ ਮੈਂ ਆਖਰੀ ਦਮ ਤੱਕ ਲੜਾਂਗੀ। ਤੂੰ ਸਾਥ ਦੇਵੇਂਗਾ?

ਕੁਲਵੀਰ : ਪੱਕਾ। (ਖੁਸ਼ੀ ਵਿਚ) ਇੱਕ ਗੱਲ ਯਾਦ ਆ ਗਈ, ਆਪਣੇ ਕਾਲਜ ਨੂੰ ਯੂਨੀਵਰਸਿਟੀ ਵੱਲੋਂ ਐਮ.ਏ. ਦੀ ਕਲਾਸ ਮਿਲ ਗਈ, ਉਹ ਵੀ ਪੰਜਾਬੀ ਸਬਜੈਕਟ ਦੀ।

ਸੋਨੀ : (ਖੁਸ਼ੀ ਵਿਚ ਉਛਲਦੀ ਹੋਈ) ਸੱਚੀਂ? ਮਿਲਾ ਹੱਥ।
(ਦੋਵੇਂ ਖੁਸ਼ੀ ਵਿਚ ਹੱਥ ਮਿਲਾਉਂਦੇ ਹਨ)

ਕੁਲਵੀਰ : ਬੀ.ਏ. ਤੋਂ ਬਾਅਦ ਐਮ.ਏ. ਪੰਜਾਬੀ ਸ਼ੁਰੂ ਕਰ ਲਈਏ। ਹੋ ਸਕਦੈ ਸਾਡਾ ਕਰੀਅਰ ਐਮ.ਏ. ਪੰਜਾਬੀ ਈ ਬਣਾ ਦੇਵੇ।

ਸੋਨੀ : ਦੋ ਸਾਲ ਹੋਰ ਮਿਲ ਜਾਣਗੇ। ਲੋਕ ਸਾਨੂੰ ਦੋਹਾਂ ਨੂੰ 'ਜੀਨੀਅਸ' ਕਹਿੰਦੇ ਨੇ। ਐਮ.ਏ. ਦੇ ਨਾਲ ਨਾਲ ਕੰਪੀਟੀਟਵ ਟੈਸਟ ਵੀ ਦਿੰਦੇ ਰਹਾਂਗੇ।

ਕੁਲਵੀਰ : ਨਾਈਸ ਆਈਡੀਆ। ਵਰਕ ਇਜ਼ ਵਰਸ਼ਿਪ। ਮਿਹਨਤੀ ਲੋਕ ਟੀਸੀਆਂ ਦੇ ਬੇਰ ਤੋੜਨ ਤੋਂ ਘੱਟ ਕੁੱਝ ਵੀ ਪਰਵਾਨ ਨਹੀਂ ਕਰਦੇ।

ਸੋਨੀ : (ਗਾਉਂਦੀ ਹੋਈ) ਸੁਫ਼ਨੇ ਤਾਂ ਸੱਚ ਕਰ ਕੇ ਵਿਖਾਉਂਦੇ ਹਾਂ
ਜਿਧਰੋਂ ਵੀ ਜਾਈਏ, ਨਵੇਂ ਰਾਹ ਬਣਾਉਂਦੇ ਹਾਂ।
ਪਾਣੀਆਂ ਦੇ ਮੁੱਖ ਅਸੀਂ ਮੋੜ ਦਿੰਦੇ ਹਾਂ....

ਕੁਲਵੀਰ : (ਗਾਉਂਦਾ ਹੋਇਆ) ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ। (ਪਰੀਖਿਆ ਕੇਂਦਰ ਵੱਲੋਂ ਘੰਟੀ ਦੇ ਵੱਜਣ ਦੀ ਆਵਾਜ਼ ਆਉਂਦੀ ਹੈ, ਸੁਣ ਕੇ ਸੋਨੀ ਅਤੇ ਕੁਲਵੀਰ ਆਪਣੀ ਦੁਨੀਆਂ ਵਿਚੋਂ ਬਾਹਰ ਆਉਂਦੇ ਹਨ। ਦੋਵੇਂ ਖੜ੍ਹੇ ਹੋ ਜਾਂਦੇ ਹਨ)

ਸੋਨੀ : ਗੱਲਾਂ ਹੀ ਗੱਲਾਂ 'ਚ ਅੱਜ ਦੇ ਪੇਪਰ ਦਾ ਤਾਂ ਚੇਤਾ ਹੀ ਭੁੱਲ ਗਿਆ।

ਕੁਲਵੀਰ : ਚੰਗਾ ਹੋਇਆ, ਨਰਵਸ ਨਹੀਂ ਹੋਏ ਪੇਪਰ ਦੇਣ ਤੋਂ ਪਹਿਲਾਂ।

ਸੋਨੀ : ਨਰਵਸ ਕਿਉਂ ਹੋਵਾਂਗੇ, ਆਪਾਂ ਤਾਂ ਪੇਪਰ 'ਚ ਟੀਸੀ ਦੇ ਬੇਰ ਤੋੜ ਕੇ ਹੀ ਰਹਾਂਗੇ।

ਕੁਲਵੀਰ : ਵਾਹ! ਬੈਸਟ ਆਫ ਲੱਕ।

ਸੋਨੀ : ਸੇਮ ਟੂ ਯੂ।

(ਹਨ੍ਹੇਰਾ)

## ਦ੍ਰਿਸ਼ ਚਾਰ

ਸਥਾਨ : ਸੋਨੀ ਦਾ ਘਰ
(ਸੋਨੀ ਦੇ ਹੱਥ ਵਿਚ ਇੱਕ ਡਾਇਰੀ ਅਤੇ ਅਖਬਾਰ ਹੈ, ਡਾਇਰੀ ਦੇ ਇੱਕ ਸਫ਼ੇ ਨੂੰ ਵੇਖ ਕੇ ਉਹ ਗੁਣ ਗਣਾ ਰਹੀ ਹੈ)

ਸੋਨੀ : (ਧੀਮੀ ਆਵਾਜ਼ ਵਿੱਚ ਗਾਉਂਦੀ ਹੋਈ)



ਉੱਚੀਆਂ ਹਵਾਵਾਂ ਨੂੰ ਸਰ ਕਰਦੇ
ਕਿਸੇ ਦੀ ਚੜ੍ਹਤ ਹੋਏ ਨਹੀਂ ਸੜਦੇ।
ਖੁੱਲ੍ਹੇ ਦਿਲ ਵੇਖ ਦਰਿਆ ਡਰਦੇ
ਵੱਡੇ ਵੱਡੇ ਲੋਕ ਸਾਡਾ ਪਾਣੀ ਭਰਦੇ।
ਕੱਚਿਆਂ ਨੂੰ ਤੋੜ ਵਿਛੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਸਰਿਤਾ : ਕਿਸ ਕੋ ਸੁਣਾ ਰਹੀ ਹੈ ਯੇ ਗਾਣੇ?

ਸੋਨੀ : ਮੰਮੀ, ਮੁਬਾਰਕ ਹੋਵੇ। ਆਹ ਵੇਖ ਅਖਬਾਰ....

ਸਰਿਤਾ : ਯੇ ਅੰਗਰੇਜ਼ੀ ਕੇ ਸਮਾਚਾਰ ਪੱਤਰ ਮੇਂ ਤੇਰੀ ਫੋਟੋ ਕਿਉਂ ਆਈ? ਕਿਸੀ ਨਾਚ ਗਾਣੇ ਮੇਂ ਜੀਤ ਗਈ?

ਸੋਨੀ : ਵਾਹ ਮੰਮੀ, ਪੂਰੀ ਯੂਨੀਵਰਸਿਟੀ ਵਿਚੋਂ ਫਸਟ ਆਈ ਹਾਂ ਬੀ.ਏ. ਦੇ ਇਮਤਿਹਾਨ 'ਚੋਂ।

ਸਰਿਤਾ : (ਖੁਸ਼ੀ ਵਿੱਚ) ਔਰ ਤੇਰੇ ਸਾਥ ਮੇਂ ਦੋ ਫੋਟੋ ਔਰ ਹੈ, ਕਿਸ ਕੀ ਹੈ ਯੇ ਫੋਟੋ?

ਸੋਨੀ : ਮੇਰੇ ਨਾਲ ਸਾਡੇ ਹੀ ਕਾਲਜ ਦਾ ਮੁੰਡਾ ਏ ਕੁਲਵੀਰ। ਇਹਨੇ ਸੈਕਿੰਡ ਪੁਜੀਸ਼ਨ ਲਈ ਏ ਤੇ ਤੀਸਰੀ ਫੋਟੋ ਜਲੰਧਰ ਦੇ ਇੱਕ ਕਾਲਜ ਦੀ ਲੜਕੀ ਦੀ ਏ ਜੋ ਥਰਡ ਆਈ ਏ।

ਸਰਿਤਾ : ਭਗਵਾਨ ਕਾ ਸ਼ੁਕਰ ਹੈ ਤੇਰੀ ਬੀ.ਏ. ਹੋ ਗਈ। ਅਬ ਤੋ ਤੁਜੇ ਅਗਲੇ ਘਰ ਭੇਜਣੇ ਕਾ ਵਕਤ ਆ ਹੀ ਗਯਾ।

ਸੋਨੀ : ਅਜੇ ਤਾਂ ਮੇਰਾ ਬੇਸ ਬਣਿਐ, ਮੈਂ ਐਮ.ਏ. ਕਰਨੀ ਏ। ਸਾਡੇ ਕਾਲਜ ਨੂੰ ਪੰਜਾਬੀ ਵਿਸ਼ੇ ਦੀ ਐਮ.ਏ. ਮਿਲ ਗਈ।

ਸਰਿਤਾ : ਬਹੁਤ ਪੜ੍ਹ ਲੀਆ, ਇਤਨਾ ਹੀ ਕਾਫੀ ਹੈ।
(ਸੋਨੀ ਦਾ ਪਿਤਾ ਦੁਰਗਾ ਦਾਸ ਆਉਂਦਾ ਹੈ)

ਸੋਨੀ : (ਖੁਸ਼ੀ ਵਿੱਚ) ਡੈਡੀ ਵਧਾਈਆਂ ਹੋਣ। ਫਸਟ ਆਈ ਤੁਹਾਡੀ ਸੋਨੀ ਪੂਰੀ ਯੂਨੀਵਰਸਿਟੀ 'ਚੋਂ।

ਦੁਰਗਾ ਦਾਸ : ਖੁਸ਼ ਕਰਤਾ ਸੋਨੀ। ਅੱਜ ਦਾ ਦਿਨ ਈ ਕਰਮਾਂ ਵਾਲਾ ਏ, ਵਧਾਈ ਤੇ ਵਧਾਈ ਵੱਜ ਰਹੀ ਏ।

ਸੋਨੀ : (ਹੈਰਾਨੀ ਵਿੱਚ) ਵਧਾਈ ਤੇ ਵਧਾਈ?

ਦੁਰਗਾ ਦਾਸ : ਹਾਂ ਸੋਨੀ ਬੇਟੇ, ਤੇਰੀ ਫੋਟੋ ਭੇਜੀ ਸੀ। ਅਗਲਿਆਂ ਨੇ ਹਾਂ ਕਹਿਤੀ। ਇਲਾਕੇ ਦਾ ਮੰਨਿਆ ਪਰਮੰਨਿਆ ਖਾਨਦਾਨ ਏ। ਮੁੰਡਾ ਵੀ ਬੈਂਕ 'ਚ ਬਾਊ ਲੱਗੈ।

ਸੋਨੀ : ਡੈਡੀ, ਮੈਂ ਨਹੀਂ ਅਜੇ ਕਰਾਉਣਾ ਵਿਆਹ। ਮੇਰੀ ਉਮਰ ਹੀ ਕੀ ਏ, ਸਿਰਫ਼ ਵੀਹ ਸਾਲ।

ਦੁਰਗਾ ਦਾਸ : ਇੱਥੇ ਤਾਂ ਸੋਲ੍ਹਾਂ ਸਾਲਾਂ ਦੀਆਂ ਕੁੜੀਆਂ ਵਿਆਹੀਆਂ ਜਾ ਰਹੀਆਂ

ਨੇ। ਜਿਸ ਘਰ ਤੈਨੂੰ ਤੋਰ ਰਹੇ ਹਾਂ ਉਹਨਾਂ ਦਾ ਪਹਾੜਾਂ 'ਤੇ ਬੜਾ ਵੱਡਾ ਬਾਗ ਏ। ਫਰੂਟ ਦੀ ਆੜ੍ਹਤ ਏ ਉਹਨਾਂ ਦੀ।

ਸੋਨੀ : ਡੈਡੀ, ਮਾਪਿਆਂ ਦੇ ਸਿਰ 'ਤੇ ਹੀ ਧੀਆਂ ਆਪਣੇ ਮਨ ਦੀਆਂ ਖਾਹਸ਼ਾਂ ਪੂਰੀਆਂ ਕਰਦੀਆਂ ਨੇ। ਮੈਂ ਐਮ.ਏ. ਕਰਨੀ ਏ ਅਜੇ, ਪੀ.ਸੀ.ਐੱਸ ਦੀ ਤਿਆਰੀ ਕਰ ਰਹੀ ਹਾਂ। ਕਲਾਸ ਵਨ ਅਫਸਰ ਬਣੇਗੀ ਤੁਹਾਡੀ ਸੋਨੀ।

ਦੁਰਗਾ ਦਾਸ : ਵਿਆਹ ਕਰਵਾ ਕੇ ਵੀ ਤਾਂ ਅਫਸਰ ਬਣ ਹੀ ਸਕਦੀ ਏਂ। ਨਾਲੇ ਤੈਨੂੰ ਸਪੋਰਟ ਮਿਲ ਜਾਵੇਗੀ ਉਸ ਮੁੰਡੇ ਦੀ, ਅਗਲਾ ਬੈਂਕ 'ਚ ਬਾਊ ਲੱਗੈ।

ਸੋਨੀ : ਭਾਵੇਂ ਉਹ ਬੈਂਕ ਮੈਨੇਜਰ ਵੀ ਹੋਵੇ ਤਾਂ ਵੀ ਕੁੱਝ ਨਹੀਂ ਕਰ ਸਕਦੀ ਉਹਦੀ ਕੁਰਸੀ। ਜਿਸ ਕੁਰਸੀ 'ਤੇ ਮੈਂ....

ਦੁਰਗਾ ਦਾਸ : (ਵਿਅੰਗ ਨਾਲ) ਮਿਲ ਗਈ ਕੁਰਸੀ ਤੈਨੂੰ।

ਸੋਨੀ : ਮਿਲੇਗੀ, ਅਵੱਸ਼ ਮਿਲੇਗੀ। ਇਸ ਆਮ ਨਗਰ ਦੀ ਕੁੜੀ ਜੇ ਯੂਨੀਵਰਸਿਟੀ ਟਾਪ ਕਰ ਸਕਦੀ ਏ ਤਾਂ ਪੀ.ਸੀ.ਐੱਸ ਜਾਂ ਕਲਾਸ ਵਨ ਅਫਸਰ ਤੱਕ ਕਿਉਂ ਨਹੀਂ ਪਹੁੰਚ ਸਕਦੀ?

ਦੁਰਗਾ ਦਾਸ : ਮੈਂ ਜ਼ੁਬਾਨ ਦੇ ਬੈਠਾਂ ਉਹਨਾਂ ਨੂੰ। ਬੰਦੇ ਦੀ ਜ਼ੁਬਾਨ ਦਾ ਵੀ ਕੋਈ ਮੁੱਲ ਹੁੰਦੈ।

ਸੋਨੀ : ਮੇਰੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ, ਇਹ ਅਨਮੋਲ ਏ।

ਦੁਰਗਾ ਦਾਸ : ਤੇਰੇ ਦਾਦਾ ਜੀ ਨੇ ਵੀ ਮੁੰਡੇ ਵਾਲਿਆਂ ਬਾਰੇ ਸੁਣ ਸਹਿਮਤੀ ਦੇ ਦਿੱਤੀ ਏ।

ਸੋਨੀ : ਦਾਦਾ ਜੀ ਨੇ ਕੰਚਨ ਅੱਗੇ ਵੀ ਤਾਂ ਕੰਡੇ ਖਿਲਾਰ ਦਿੱਤੇ। ਉਹ ਤੁਰਦੀ ਫਿਰਦੀ ਲਾਸ਼ ਬਣ ਗਈ ਏ।

ਦੁਰਗਾ ਦਾਸ : ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਪਹਾੜਾਂ 'ਤੇ ਉਹਨਾਂ ਦਾ ਆਲੀਸ਼ਾਨ ਬੰਗਲਾ ਏ।

ਸੋਨੀ : ਮੈਂ ਮੈਦਾਨਾਂ 'ਚ ਪਲੀ ਆਂ, ਮੈਨੂੰ ਮੈਦਾਨ ਈ ਚੰਗੇ ਨੇ।

ਸਰਿਤਾ : ਜ਼ਿਆਦਾ ਬਕ ਬਕ ਨਾ ਕਰ। ਤੂ ਕਯਾ ਜਾਣੇ ਪਹਾੜੋਂ ਕੇ ਦ੍ਰਿਸ਼। ਕਿਤਨੇ ਟੂਰਿਸਟ ਜਾਤੇ ਹੈਂ ਗਰਮੀ ਮੇਂ ਵਹਾਂ।

ਸੋਨੀ : ਮੈਨੂੰ ਇਸ ਨਗਰ ਦੀ ਮਿੱਟੀ ਨਾਲ ਮੋਹ ਏ। ਮੇਰਾ ਮੁਹੱਲਾ, ਮੇਰਾ ਕਾਲਜ, ਮੇਰੀਆਂ ਸਹੇਲੀਆਂ ਸਭ ਮੇਰੇ ਆਪਣੇ ਨੇ।

ਦੁਰਗਾ ਦਾਸ : ਤੂੰ ਇੱਥੇ ਪਲੀ ਜ਼ਰੂਰ ਏਂ ਪਰ ਤੇਰਾ ਜਨਮ ਪਹਾੜੀ ਇਲਾਕੇ 'ਚ ਹੋਇਆ। ਉਹ ਤੇਰੀ ਜਨਮ ਭੂਮੀ ਏ।

ਸੋਨੀ : ਪਰ ਇਹ ਇਲਾਕਾ ਮੇਰੀ ਕਰਮ ਭੂਮੀ ਏ। ਤੁਸੀਂ ਮੇਰੀ ਜਨਮ ਭੂਮੀ ਦੀ ਗੱਲ ਕਰਦੇ ਹੋ, ਕਿਉਂ ਛੱਡ ਕੇ ਆਏ?

ਸਰਿਤਾ : (ਚਪੇੜ ਮਾਰਦੀ ਹੋਈ) ਬੇਸ਼ਰਮ, ਬਾਪ ਕੋ ਸਵਾਲ ਕਰਤੇ ਸ਼ਰਮ ਨਹੀਂ



ਆਤੀ?

ਦੁਰਗਾ ਦਾਸ : ਅਸੀਂ ਇੱਥੇ ਕਿਉਂ ਆਏ, ਸਾਡਾ ਹੱਥ ਤੰਗ ਨਾ ਹੁੰਦਾ ਤਾਂ ਕਦੇ ਵੀ ਆਪਣੀ ਜਨਮ ਭੂਮੀ ਨਾ ਛੱਡਦਾ। ਇੱਥੇ ਆ ਕੇ ਦਿਨ ਰਾਤ ਮਿਹਨਤ ਕੀਤੀ। ਤੁਹਾਨੂੰ ਚੰਗਾ ਖਵਾਇਆ, ਪਵਾਇਆ ਤੇ ਬੀ.ਏ. ਤੱਕ ਪੜ੍ਹਾਇਆ।

ਸੋਨੀ : ਡੈਡੀ, ਇੰਨਾ ਕੁਝ ਕੀਤਾ ਸਾਡੇ ਲਈ, ਹੁਣ ਰੋੜ੍ਹ ਦਿਓ ਬਿਆਸ ਦਰਿਆ ਵਿੱਚ। ਘੱਟੋ ਘੱਟ ਦਰਿਆ ਤਾਂ ਮੇਰੇ ਇਲਾਕੇ 'ਚ ਵਹਿੰਦਾ ਏ। ਮੈਂ ਆਖਰੀ ਸਾਹ ਤੱਕ ਪੰਜਾਬ ਛੱਡਣਾ ਨਹੀਂ ਚਾਹੁੰਦੀ।

ਸਰਿਤਾ : ਅਪਨਾ ਮੂਲ ਪਹਿਚਾਣ ਅਪਨਾ ਮੂਲ। ਹਮ ਤੇਰੀ ਭਲਾਈ ਕੇ ਲੀਏ ਯੇ ਸਭ ਕੁ ਕਰ ਰਹੇ ਹੈਂ।

ਸੋਨੀ : ਭਲਾਈ ਨਹੀਂ, ਮੇਰੀ ਬਰਬਾਦੀ ਮੈਨੂੰ ਸਾਫ ਨਜ਼ਰ ਆਉਂਦੀ ਪਈ ਏ।

ਸਰਿਤਾ : ਇਸ ਮੁਹੱਲੇ ਕੀ ਸਿਫਤ ਕਰ ਰਹੀ ਤੂ। ਕਯਾ ਦਿਆ ਇਸ ਮੁਹੱਲੇ ਨੇ ਤੇਰੇ ਕੋ?

ਸੋਨੀ : ਜਦ ਮੈਂ ਛੋਟੀ ਸੀ ਤਾਂ ਫੱਜੀ ਅੰਮਾਂ ਮੈਨੂੰ ਲੋਰੀਆਂ ਦਿੰਦੀ ਸੀ ਤਾਂ ਮੈਂ ਉਹਦੀਆਂ ਬਾਹਵਾਂ 'ਚ ਸੌਂ ਜਾਂਦੀ ਸੀ। ਤਾਇਆ ਅਮਰੂ ਬਾਤਾਂ ਸੁਣਾਇਆ ਕਰਦਾ ਸੀ। ਇੱਥੇ ਸੁਰਜੀਤ ਕੌਰ ਉੱਚੀ ਆਵਾਜ਼ 'ਚ ਮਿਰਜ਼ਾ ਗਾਉਂਦੀ ਸੀ।

ਦੁਰਗਾ ਦਾਸ : ਬਹੁਤ ਆਉਂਦੀਆਂ ਨੇ ਤੈਨੂੰ ਗੱਲਾਂ। ਚਾਰ ਅੱਖਰ ਕੀ ਪੜ੍ਹ ਗਈ, ਸਾਨੂੰ ਤਾਂ ਸਮਝਣ ਲੱਗ ਪਈ ਏ ਬੁੱਧੂ। ਇਸ ਨਗਰ ਦੇ ਮੁੰਡੇ ਵੇਖੇ ਨੇ, ਹਰਲ ਹਰਲ ਕਰਦੇ ਫਿਰਦੇ ਨੇ। ਮੋਟਰ ਸਾਈਕਲਾਂ, ਕਾਰਾਂ ਚਲਾਉਂਦੇ ਭੂਤ ਜਾਪਦੇ ਨੇ।

ਸੋਨੀ : ਡੈਡੀ, ਚੰਗੇ ਵੀ ਹੈਨ ਇੱਥੇ। ਇਸ ਧਰਤੀ 'ਤੇ ਖੁਸ਼ੀਆਂ ਨਾਲ ਮੇਰੀ ਝੋਲੀ ਭਰ ਗਈ। ਲੋਹੜੀ ਵਾਲੇ ਦਿਨ ਲੋਹੜੀ ਦੇ ਗਾਏ ਗੀਤ ਮੇਰੇ ਸਾਥੀ ਨੇ। ਵਿਸਾਖੀ 'ਤੇ ਢੋਲ ਵੱਜਦਾ ਤਾਂ ਮੈਂ ਨੱਚ ਨੱਚ ਧਰਤੀ ਹਿਲਾ ਦਿੰਦੀ। ਮੈਂ ਪੰਜਾਬਣ ਹਾਂ....

(ਸੋਨੀ ਰੋਣ ਲੱਗ ਪੈਂਦੀ ਹੈ)

ਦੁਰਗਾ ਦਾਸ : (ਸਰਿਤਾ ਨੂੰ) ਇਸ ਕੁੜੀ ਨੂੰ ਅਟੈਚ ਬਾਥਰੂਮ ਵਾਲੇ ਕਮਰੇ 'ਚ ਬੰਦ ਕਰ ਦੇ। ਬਾਹਰ ਤਾਲਾ ਲਾ ਦੇ ਦਰਵਾਜ਼ੇ ਨੂੰ।

(ਸਰਿਤਾ ਰੋ ਰਹੀ ਸੋਨੀ ਨੂੰ ਬਾਂਹ ਤੋਂ ਫੜ ਕੇ ਅੰਦਰ ਲੈ ਜਾਂਦੀ ਹੈ)

ਇਹਦੇ 'ਤੇ ਵੀ ਉਹੀ ਫਾਰਮੂਲਾ ਲੱਗੇਗਾ ਕੰਚਨ ਵਾਲਾ। ਔਲਾਦ ਨਹੀਂ ਜਾਣਦੀ ਮਾਂ ਪਿਓ ਦੀ ਕੁਰਬਾਨੀ।

(ਸਰਿਤਾ ਆਉਂਦੀ ਹੈ)

ਸਰਿਤਾ : ਬਹੁਤ ਰੋ ਰਹੀ ਏ ਕਮਲੀ।

ਦੁਰਗਾ ਦਾਸ : ਰੋਣ ਦੇ, ਕੰਚਨ ਵੀ ਰੋਂਦੀ ਸੀ ਵਿਆਹ ਵੇਲੇ। ਇਹਨਾਂ ਕੁੜੀਆਂ ਨੂੰ ਹੋ ਕੀ ਗਿਐ। ਗਊ ਹੁੰਦੀਆਂ ਸਨ ਇਹ ਕੁੜੀਆਂ ਤੇ ਹੁਣ ਅਸਮਾਨ ਨੂੰ ਟਾਕੀਆਂ ਲਾਉਂਦੀਆਂ ਨੇ। ਬਾਪੂ ਨੂੰ ਅੱਜ ਹੀ ਕਰਦਾ ਹਾਂ ਫੋਨ ਕਿ ਅਸੀਂ ਕੱਲ੍ਹ ਹੀ ਕਾਰ ’ਤੇ ਆ ਰਹੇ ਹਾਂ। ਤੂੰ ਇਹਦਾ ਖਿਆਲ ਰੱਖੀਂ, ਮੈਂ ਸਾਰਾ ਇੰਤਜ਼ਾਮ ਕਰ ਕੇ ਆਇਆ। (ਹਨ੍ਹੇਰਾ)

## ਦ੍ਰਿਸ਼ ਪੰਜ

ਸਥਾਨ : ਸੋਨੀ ਦਾ ਘਰ।

ਸੋਨੀ : (ਹਟਕੋਰੇ ਲੈਂਦੀ ਹੋਈ) ਆਹ ਚੰਦਰਾ ਵਕਤ ਕਿਉਂ ਆਇਆ ਮੇਰੀ ਹੱਸਦੀ ਵੱਸਦੀ ਜ਼ਿੰਦਗੀ ਵਿੱਚ। ਹੇ ਰੱਬਾ! ਮੇਰੀ ਮਦਦ ਕਰ।

(ਉਹ ਸੋਚਣ ਲੱਗਦੀ ਹੈ। ਕੰਚਨ, ਸਰਿਤਾ, ਦੁਰਗਾ ਦਾਸ ਅਤੇ ਕੁਲਵੀਰ ਦੀਆਂ ਆਵਾਜ਼ਾਂ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਹਨ)

ਸਰਿਤਾ ਦੀ ਆਵਾਜ਼ : ਭਗਵਾਨ ਕਾ ਸ਼ੁਕਰ ਹੈ ਤੇਰੀ ਬੀ.ਏ. ਹੋ ਗਈ। ਅਬ ਤੋ ਤੁਝੇ ਅਗਲੇ ਘਰ ਭੇਜਨੇ ਕਾ ਵਕਤ ਆ ਹੀ ਗਯਾ।

ਦੁਰਗਾ ਦਾਸ ਦੀ ਆਵਾਜ਼ : ਜਿਸ ਘਰ ਤੂੰ ਜਾ ਰਹੀ ਏਂ ਉਹਨਾਂ ਦਾ ਬੜਾ ਵੱਡਾ ਬਾਗ ਏ। ਫਰੂਟ ਦੀ ਆੜ੍ਹਤ ਏ ਉਹਨਾਂ ਦੀ...ਅਗਲਾ ਬੈਂਕ ’ਚ ਬਾਊ ਲੱਗੈ।

ਕੰਚਨ ਦੀ ਆਵਾਜ਼ : ਹਾਂ ਮੈਂ ਪੱਤਝੜ ਹਾਂ....ਬਹਾਰਾਂ ਸੰਗ ਚੁੰਗੀਆਂ ਭਰਦੀ ਸੀ ਦੇ, ਪਰ ਹੁਣ ਪੱਤਝੜ ਨੇ ਪੱਕੇ ਈ ਡੇਰੇ ਲਾ ਲਏ ਮੇਰੀ ਲਾਈਫ ’ਚ।

ਕੁਲਵੀਰ ਦੀ ਆਵਾਜ਼ : ਤੇਰੀਆਂ ਨਸ਼ੀਲੀਆਂ ਅੱਖਾਂ, ਗੋਲ ਚਿਹਰਾ ਤੇ ਹਿਰਨੀ ਵਰਗੀ ਤੋਰ...ਸਾਥ ਦਿਆਂਗਾ ਪੱਕਾ।

ਸੋਨੀ : (ਸਿਸਕਦੀ ਹੋਈ) ਅੱਜ ਮੈਂ ਕਮਰੇ ’ਚ ਕੈਦ ਹੋ ਗਈ... ਕਮਰੇ ਦੀ ਕੈਦ ਤੋਂ ਅੱਗੇ ਪੱਕੀ ਕੈਦ....ਨਹੀਂ ਨਹੀਂ ਮੇਰਾ ਸਾਹ ਘੁੱਟ ਰਿਹੈ....ਅਜੇ ਕੱਲ੍ਹ ਇਸ ਸਮੇਂ ਗਿਆਨੋ ਭੱਠੀ ਵਾਲੀ ਤੋਂ ਦਾਣੇ ਭੁੰਨਾ ਕੇ ਚੱਬਦੀ ਪਈ ਸੀ।

(ਗਾਉਂਦੀ ਹੋਈ) ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ।

(ਸੋਚਾਂ ਵਿਚ) ਮੈਨੂੰ ਲੈ ਜਾਣਗੇ ਪਰਦੇਸ....ਮੇਰੀ ਬੋਲੀ..ਮੇਰਾ ਪੰਜਾਬੀ ਪਹਿਰਾਵਾ.... ਮੇਰੇ ਗੀਤ.... ਮੇਰੇ ਨਾਚ.... ਸਭ ਦੀ ਬਲੀ ਦੇ ਦਿੱਤੀ ਜਾਵੇਗੀ। (ਦ੍ਰਿੜ੍ਹਤਾ ਨਾਲ) ਇੰਜ ਨਹੀਂ ਹੋਣ ਦੇਵਾਂਗੀ, ਮੈਂ ਗਊ ਨਹੀਂ ਜਿਸ ਨੂੰ ਕਿਸੇ ਕੋਲ ਵੀ ਵੇਚ



ਦਿੱਤਾ ਜਾਂਦੈ। ਮੈਂ ਪੰਜਾਬਣ ਹਾਂ ਪੰਜਾਬਣ। ਮੇਰਾ ਫੋਨ ਸ਼ੁਕਰ ਏ ਇਸੇ ਕਮਰੇ ’ਚ ਹੀ ਏ।

(ਕੁਲਵੀਰ ਨੂੰ ਫੋਨ ਕਰਦੀ ਹੈ)

ਕੁਲਵੀਰ ਦੀ ਆਵਾਜ਼ : ਕਿਵੇਂ ਸੋਨੀ? ਠੀਕ ਤੇ ਹੈਂ? ਅਚਾਨਕ ਹੀ ਤੇਰਾ ਫੋਨ ਆ ਗਿਐ....

ਸੋਨੀ : ਸੋਨੀ ’ਤੇ ਆਇਐ ਸੰਕਟ....

ਕੁਲਵੀਰ ਦੀ ਆਵਾਜ਼ : ਸੰਕਟ?

ਸੋਨੀ : ਕਲ੍ਹ ਲੈ ਜਾਣਗੇ ਮੈਨੂੰ ਪਰਦੇਸ। ਮੈਨੂੰ ਅੰਦਰ ਡੱਕ ਦਿੱਤਾ ਗਿਐ, ਸੱਜੇ ਪਾਸੇ ਕਮਰੇ ’ਚ। ਬਾਹਰੋਂ ਲਾਕ ਲੱਗੈ, ਕੁੱਝ ਕਰ।

ਕੁਲਵੀਰ ਦੀ ਆਵਾਜ਼ : ਲਾਕ ਤੋੜਨਾ ਪਵੇਗਾ?

ਸੋਨੀ : ਮੇਰੇ ਛੱਲੇ ’ਚ ਚਾਬੀ ਹੈ ਲਾਕ ਦੀ। ਤੇਰੇ ਆਉਣ ’ਤੇ ਦਰਵਾਜ਼ੇ ਹੇਠੋਂ ਚਾਬੀ ਸਰਕਾ ਦਿਆਂਗੀ।

ਕੁਲਵੀਰ ਦੀ ਆਵਾਜ਼ : ਮੈਂ ਕਦੋਂ ਆਵਾਂ?

ਸੋਨੀ : ਰਾਤ ਠੀਕ ਬਾਰਾਂ ਵਜੇ।

ਕੁਲਵੀਰ ਦੀ ਆਵਾਜ਼ : ਪੱਕਾ, ਤੇਰੇ ਪਾਸ ਹੋਵਾਂਗਾ।

ਸੋਨੀ : ਯਾਦ ਰੱਖੀਂ, ਮੈਂ ਤੇਰੀ ਸੁਹਾਗਣ ਹਾਂ, ਮੈਂ ਪੰਜਾਬਣ ਹਾਂ।

ਕੁਲਵੀਰ ਦੀ ਆਵਾਜ਼ : ਓ.ਕੇ. ਸੋਨੀ।

(ਹਨ੍ਹੇਰਾ)

## ਆਖਰੀ ਦ੍ਰਿਸ਼

ਸਥਾਨ : ਸੋਨੀ ਦਾ ਘਰ।

(ਦੁਰਗਾ ਦਾਸ ਅਤੇ ਸਰਿਤਾ ਆਪਣੇ ਘਰ ਦੇ ਵਿਹੜੇ ਵਿੱਚ ਮੰਜਿਆਂ ’ਤੇ ਲੇਟੇ ਹੋਏ ਹਨ, ਸਵੇਰਾ ਹੋਣ ’ਤੇ ਜਾਗਦੇ ਹਨ। ਦੁਰਗਾ ਦਾਸ ਉੱਠ ਕੇ ਆਪਣੇ ਘਰ ਦੇ ਕਮਰਿਆਂ ਵੱਲ ਜਾਂਦਾ ਹੈ)

ਦੁਰਗਾ ਦਾਸ : (ਚੀਕਦਾ ਹੋਇਆ) ਸਰਿਤਾ!

ਸਰਿਤਾ : ਕਯਾ ਹੂਆ, ਸਭ ਠੀਕ ਤੋ ਹੈ?

ਦੁਰਗਾ ਦਾਸ : ਸਵਾਹ ਠੀਕ ਏ, ਦੇ ਗਈ ਧੋਖਾ ਗੰਦੀ ਔਲਾਦ। ਔਹ ਵੇਖ, ਕਮਰਾ ਖੁੱਲ੍ਹਾ ਪਿਐ।

ਸਰਿਤਾ : (ਚੀਕਦੀ ਹੋਈ) ਕਬ ਗਈ....ਰਾਤ ਗਿਆਰਾਂ ਬਜੇ ਤੀਕ ਮੈਂ ਜਗਤੀ ਰਹੀ।

ਦੁਰਗਾ ਦਾਸ : ਫਿਰ ਸੌਂ ਮਰ ਗਈ?

ਸਰਿਤਾ : ਕਯਾ ਕਰਤੀ ਬਲੱਡ ਪਰੈਸ਼ਰ ਕੀ ਗੋਲੀ ਤੋ ਖਾਨੀ ਪੜਤੀ ਹੈ ਰਾਤ ਕੋ। ਤੁਝੇ ਬੀ ਜਾਗ ਨਹੀਂ ਆਈ।

ਦੁਰਗਾ ਦਾਸ : ਸਾਰੇ ਦਿਨ ਦੇ ਕੁੱਤੇ ਕੰਮਾਂ ’ਚ ਥੱਕ ਟੁੱਟ ਜਾਂਦੇ ਹਾਂ, ਰਾਤ ਸਿਰਫ ਪਾਈਆ ਹੀ ਪੀਤਾ ਸੀ।

ਸਰਿਤਾ : ਤੂ ਮਰ ਜਾ ਰੇ ਕੁੱਤੀ ਸੋਨੀ, ਤੂ ਪੜੇਂ ਨਰਕੋਂ ਮੇਂ।

ਦੁਰਗਾ ਦਾਸ : ਚੁੱਪ ਕਰ ਜਾ। ਕਿਸੇ ਗੁਆਂਢੀ ਨੂੰ ਭਿਣਕ ਨਾ ਪਵੇ, ਨਹੀਂ ਤਾਂ ਨੱਕ ਵੱਢੀ ਜਾਵੇਗੀ।
(ਫੋਨ ਦੀ ਘੰਟੀ ਵੱਜਦੀ ਹੈ)
ਹੈਲੋ, ਗੱਡੀ ਵਾਲੇ ਹੋ, ਨਮਸਤੇ।

ਸਰਿਤਾ : ਅਬ ਕੈਂਸਲ ਕਰ ਦੋ ਪ੍ਰੋਗਰਾਮ।

ਦੁਰਗਾ ਦਾਸ : (ਫੋਨ ਤੋਂ ਗੱਡੀ ਵਾਲੇ ਨੂੰ) ਹਾਂ ਹਾਂ, ਤੁਸੀਂ ਇੱਕ ਘੰਟੇ ਬਾਅਦ ਆ ਜਾਇਓ।

ਸਰਿਤਾ : ਅਬ ਕਹਾਂ ਜਾਣਾ ਹੈ?
(ਸਰਿਤਾ ਅੰਦਰ ਜਾਂਦੀ ਹੈ)

ਦੁਰਗਾ ਦਾਸ : ਢੱਠੇ ਖੂਹ 'ਚ। ਪਹਾੜਾਂ 'ਤੇ ਜਾਣਾ ਪਵੇਗਾ ਬਾਪੂ ਪਾਸ। ਕਹਿ ਦਿਆਂਗੇ ਕੁੜੀ ਪੜ੍ਹਾਈ ਕਰਨ ਚਲੀ ਗਈ ਏ ਸ਼ਹਿਰ। ਤੂੰ ਤਿਆਰ ਹੋ ਜਾ।
(ਸਰਿਤਾ ਬਾਹਰ ਆਉਂਦੀ ਹੈ, ਉਸ ਦੇ ਹੱਥ ਵਿੱਚ ਇੱਕ ਕਾਗਜ਼ ਹੈ)

ਸਰਿਤਾ : ਯੇ ਕਾਗਜ਼ ਛੋੜ ਗਈ। ਕਯਾ ਲਿਖਾ ਹੈ ਇਸ ਮੇਂ?

ਦੁਰਗਾ ਦਾਸ : (ਕਾਗਜ਼ ਫੜ ਕੇ ਪੜ੍ਹਦਾ ਹੋਇਆ) ਡੈਡੀ ਜੀ, ਮੰਮੀ ਜੀ ਨਮਸਕਾਰ।

ਸਰਿਤਾ : ਕੋਈ ਮੰਮੀ ਡੈਡੀ ਨਹੀਂ ਤੇਰੇ ਲਫੰਗੀ ਲੜਕੀ।

ਦੁਰਗਾ ਦਾਸ : (ਕਾਗਜ਼ ਪੜ੍ਹਦਾ ਹੋਇਆ) ਮਾਫੀ ਮੰਗਦੀ ਹਾਂ ਤੁਹਾਡੀ ਗੱਲ ਨਹੀਂ ਮੰਨ ਸਕੀ। ਹੋਸ਼ ਸੰਭਾਲਣ ਤੋਂ ਪਹਿਲਾਂ ਤੁਸੀਂ ਮੈਨੂੰ ਇੱਥੇ ਲੈ ਆਏ, ਮੈਂ ਇਸ ਮਿੱਟੀ ਦੇ ਮੋਹ ਵਿੱਚ ਰੰਗੀ ਗਈ। ਮੈਂ ਪਹਾੜਾਂ ਨੂੰ ਕਦੇ ਮਾੜਾ ਨਹੀਂ ਕਿਹਾ। ਜੇ ਜਨਮ ਤੋਂ ਹੁਣ ਤੱਕ ਉਥੇ ਰਹਿ ਰਹੀ ਹੁੰਦੀ ਤਾਂ ਪਹਾੜਾਂ ਨਾਲ ਮੇਰੀ ਸਾਂਝ ਹੁੰਦੀ।..... ਸਾਡੇ ਇਲਾਕੇ ਦੇ ਜਿੰਨੇ ਲੋਕ ਯੂਰਪ, ਅਮਰੀਕਾ ਜਾਂ ਕਿਸੇ ਹੋਰ ਦੇਸ਼ ਗਏ ਨੇ, ਉਹਨਾਂ ਦੇ ਉਥੇ ਪੈਦਾ ਹੋਏ ਬੱਚੇ ਇਧਰ ਮੂੰਹ ਨਹੀਂ ਕਰਦੇ। ਮਿੱਟੀ ਦੇ ਮੋਹ ਕਰਕੇ ਮੇਰਾ ਰੰਗ ਪੰਜਾਬੀ ਏ, ਮੇਰੀ ਰੂਹ ਪੰਜਾਬੀ ਏ, ਮੇਰੇ ਹਾਸੇ ਪੰਜਾਬੀ ਨੇ। ਮੈਂ ਪੰਜਾਬਣ ਹਾਂ, ਮੈਂ ਪੰਜਾਬਣ ਹਾਂ।
(ਨਿੱਕੂ ਆਉਂਦਾ ਹੈ)
ਨਿੱਕੂ ਤੂੰ?

ਨਿੱਕੂ : ਬਾਊ ਜੀ, ਬੀਬੀ ਜੀ, ਨਮਸਤੇ।

ਸਰਿਤਾ : ਕੈਸੇ ਆਣਾ ਹੂਆ?

ਨਿੱਕੂ : ਕਾਰ ਮੇਂ ਬੀਬੀ ਕੰਚਨ ਕੋ ਲੇ ਕਰ ਆਇਆ ਹੂੰ। ਉਨਕੀ ਸਿਹਤ ਠੀਕ ਨਹੀਂ...ਜਬ ਚਲੇ ਥੇ ਬੋਲਤੀ ਥੀ....ਪਰ ਅਬ ਤੋ ਹੋਸ਼ ਮੇਂ ਨਹੀਂ ਲਗਤੀ।



ਸਰਿਤਾ : (ਚੀਕਦੀ ਹੋਈ) ਕਯਾ ਹੂਆ ਮੇਰੀ ਬੇਟੀ ਕੋ?

ਦੁਰਗਾ ਦਾਸ : ਮੈਂ ਕਾਰ ਵਿੱਚੋਂ ਲੈ ਕੇ ਆਇਆ।
(ਦੌੜ ਜਾਂਦਾ ਹੈ)

ਸਰਿਤਾ : ਹੇ ਭਗਵਾਨ, ਮੇਰੀ ਬੱਚੀ ਪਰ ਦਇਆ ਕਰ। ਉਸੇ ਸਵਸਥ ਕਰ ਦੇ।

ਨਿੱਕੂ : ਈਸ਼ਵਰ ਉਸੇ ਲੰਬੀ ਆਯੂ ਦੇ।
(ਦੁਰਗਾ ਦਾਸ ਸਾਹੋ ਸਾਹੀ ਦੌੜਦਾ ਹੋਇਆ ਆਉਂਦਾ ਹੈ, ਉਸਦੇ ਹੱਥ ਵਿੱਚ ਕਾਗਜ਼ ਦਾ ਇੱਕ ਟੁਕੜਾ ਹੈ)

ਦੁਰਗਾ ਦਾਸ : ਲੁੱਟੇ ਗਏ ਸਰਿਤਾ, ਨਹੀਂ ਰਹੀ ਕੰਚਨ। ਆਹ ਲਿਖ ਗਈ ਏ ਕਾਗਜ਼।

ਸਰਿਤਾ : ਹੇ ਭਗਵਾਨ, ਕਿਸ ਜਨਮ ਕੀ ਸਜ਼ਾ ਦੇ ਦੀ। ਮੇਰੀ ਬੇਟੀ....
(ਉੱਚੀ ਉੱਚੀ ਰੋਂਦੀ ਹੈ)

ਦੁਰਗਾ ਦਾਸ : (ਕਾਗਜ਼ ਪੜ੍ਹਦਾ ਹੋਇਆ) ਡੈਡੀ, ਮੰਮੀ। ਬੱਚੇ ਜਿਸ ਮਿੱਟੀ 'ਚ ਪਲਦੇ ਨੇ, ਉਸ ਮਿੱਟੀ ਤੋਂ, ਉਥੋਂ ਦੇ ਲੋਕਾਂ ਤੋਂ ਦੂਰ ਨਹੀਂ ਰਹਿ ਸਕਦੇ। ਮੈਂ ਤਾਂ ਖਤਮ ਹੀ ਹਾਂ...ਮੇਰੀ ਕਸਮ ਸੋਨੀ ਨੂੰ ਬਚਾ ਕੇ ਰੱਖਿਓ।
(ਫੁੱਟ ਫੁੱਟ ਕੇ ਰੋ ਪੈਂਦਾ ਹੈ)

ਸਰਿਤਾ : ਅਬ ਤੋ ਘਰ ਖਾਲੀ ਖਾਲੀ....(ਜ਼ਮੀਨ 'ਤੇ ਬੈਠ ਜਾਂਦੀ ਹੈ)

ਦੁਰਗਾ ਦਾਸ : ਮੈਂ ਦੋਸ਼ੀ ਹਾਂ ਮੈਂ....ਸੋਨੇ ਵਰਗੀਆਂ ਧੀਆਂ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ। ਸੋਨੀ! ਤੂੰ ਠੀਕ ਸੀ, ਕਿਸੇ ਤਰ੍ਹਾਂ ਵੀ ਤੈਨੂੰ ਲੱਭ ਕੇ ਲਿਆਂਵਾਗਾ, ਭਾਵੇਂ ਮੀਡੀਏ ਦੀ ਮਦਦ ਨਾ ਲੈਣੀ ਪਵੇ। ਤੇਰੇ ਅਰਮਾਨ ਮੈਂ ਪੂਰੇ ਕਰਾਂਗਾ। ਮੈਨੂੰ ਹੋਸ਼ ਆ ਗਈ ਏ, ਤੂੰ ਪੰਜਾਬਣ ਹੈਂ, ਤੂੰ ਪੰਜਾਬਣ ਹੈਂ....(ਸੋਨੀ ਦੀ ਆਵਾਜ਼ ਉਸ ਦੇ ਕੰਨਾਂ 'ਚ ਪੈ ਰਹੀ ਪ੍ਰਤੀਤ ਹੁੰਦੀ ਹੈ)

ਪਿੱਛੋਂ ਆਵਾਜ਼ : ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ
ਦੁਨੀਆਂ 'ਚ ਪੰਜਾਬੀ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿਚ ਤਾਂ ਘੁਲੀ ਮਿਸ਼ਰੀ
ਕਿਸੇ ਪਾਸਿਓਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

(ਹਨ੍ਹੇਰਾ)

# ਕਹਾਣੀਆਂ



## ਫੌਜੀ ਚੂਹੜ ਸਿੰਘ

**ਤਰਸੇਮ ਸਿੰਘ ਭੰਗੂ**

ਚਾਰ ਭਰਾਵਾਂ 'ਚੋਂ ਸਭ ਤੋਂ ਛੋਟਾ ਚੂਹੜ ਸਿੰਘ ਸਿੱਧੂ ਮਲਵਈ ਜੱਟ ਸੀ ਪਰ ਉਸ ਨੇ ਆਪਣੀ ਉੱਚੀ ਜਾਤ ਗੋਤ ਦਾ ਕਦੀ ਗਮਾਨ ਨਹੀਂ ਸੀ ਕੀਤਾ। ਜੇ ਉਹ ਬਹੁਤਾ ਸੁਹਣਾ ਨਹੀਂ ਸੀ ਤਾਂ ਐਨਾ ਕੋਹਝਾ ਵੀ ਨਹੀਂ ਸੀ। ਉਸਦੇ ਤਿੱਖੇ ਨੈਣ ਨਕਸ਼ ਤੇ ਕ੍ਰਿਸ਼ਨੀ ਰੰਗ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਸਨ। ਮਖੌਲੀ ਸਿਰੇ ਦਾ, ਵੱਖੀ 'ਚੋਂ ਮੁੰਗਲ਼ੀ ਕੱਢ ਕੇ ਮਾਰਨ ਵਾਂਗ ਮੌਕੇ 'ਤੇ ਅਜਿਹੀ ਢੁਕਵੀਂ ਗੱਲ ਜਾਂ ਕੋਈ ਅਖਾਣ ਕੱਢ ਮਾਰਦਾ ਕਿ ਫੌਜੀ ਸਿਖਲਾਈ ਦੌਰਾਨ ਸਾਡੇ ਫੌਜੀ ਉਸਤਾਦਾਂ ਦੇ ਵੀ ਹੱਸਦਿਆਂ ਢਿੱਡ ਦੁਖਣ ਲੱਗ ਜਾਂਦੇ। ਉਹ ਕਈ ਵਾਰ ਆਖਦਾ, ਮੇਰਾ ਤਾਂ ਫਿਰ ਵੀ ਥੋੜ੍ਹਾ ਫਰਕ ਆ, ਦੂਜੇ ਤਿੰਨਾਂ ਭਾਈਆਂ ਦੀ ਵਾਰੀ ਤਾਂ ਲਗਦੈ ਬੇਬੇ ਭੱਠੀ ਕੋਲ਼ੇ ਹੀ ਬੈਠੀ ਰਹੀ ਹੋਊ, ਮੇਰੇ ਸਾਲੇ ਦੇ ਬਾਹਲੇ ਈ ਕਾਲੇ ਨੇ। ਉਤੋਂ ਮੇਰਾ ਨਾਂ ਰੱਖ ਕੇ ਬੇਬੇ ਬਾਪੂ ਨੇ ਤਾਂ ਜਮਾ ਈ ਖੋਤਾ ਖੂਹ 'ਚ ਸਿਟ 'ਤਾ, ਅਖੇ 'ਇਕ ਕਮਲੀ ਦੂਜਾ ਪੈ ਗਈ ਸਿਵਿਆਂ ਦੇ ਰਾਹ, ਜਦੋਂ ਮੈਨੂੰ ਕੋਈ 'ਓਏ ਚੂਹੜੇ' ਕਹਿ ਕੇ ਵਾਜ ਮਾਰਦਾ ਹੈ ਤਾਂ ਚਿੱਤ ਕਰਦੈ ਸਿਰ ਪਾੜ ਦਿਆਂ ਮੇਰੇ ਸਾਲੇ ਦਾ।

ਮੈਂ ਤੇ ਚੂਹੜ ਸਿੰਘ ਲੁਧਿਆਣੇ ਫੌਜੀ ਭਰਤੀ ਦਫਤਰ ਵਿੱਚ ਇਕੱਠੇ ਹੀ ਭਰਤੀ ਹੋਏ ਤੇ ਇਕੱਠੇ ਹੀ ਸਿਖਲਾਈ ਸੈਂਟਰ ਹੈਦਰਾਬਾਦ ਪਹੁੰਚੇ ਸਾਂ। ਆਪਣੇ ਮਖੌਲੀ ਅਤੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਮਾਲਕ ਚੂਹੜ ਸਿੰਘ ਗੱਡੀ ਵਿੱਚ ਹੀ ਮੇਰਾ ਗੂਹੜਾ ਦੋਸਤ ਬਣ ਗਿਆ ਸੀ।

ਸਾਡੀ ਸਿਖਲਾਈ ਹਾਲੇ ਕੁਝ ਦਿਨ ਬਾਅਦ ਸ਼ੁਰੂ ਹੋਣੀ ਸੀ ਪਰ ਫੌਜੀ ਉਸਤਾਦ ਵੱਖ-ਵੱਖ ਸੂਬਿਆਂ ਵਿੱਚੋਂ ਨਵੇਂ ਭਰਤੀ ਹੋ ਕੇ ਆਏ ਮੁੰਡਿਆਂ ਨੂੰ ਫੌਜੀ ਜੀਵਨ ਵਿਚ ਢਾਲਣ ਦੇ ਉਦੇਸ਼ ਨਾਲ ਚਾਰ ਵਜੇ ਹੀ ਉਠਾਲ ਦੇਂਦੇ ਸਨ। ਚੂਹੜ ਕਈ ਵਾਰ ਸਹਿਜ ਸੁਭਾਅ ਹੀ ਆਖਦਾ, ਪਿੰਡ ਭੈਣ ਦੇਣਾ ਬੁੜ੍ਹਾ ਚੱਜ ਹਾਲ ਨਾਲ ਸੌਣ ਨ੍ਹੀਂ ਸੀ ਦੇਂਦਾ , ਏਥੇ ਆਹ ਸੱਜਰੇ ਸਾਲੇ ਚੈਨ ਨਹੀਂ ਲੈਣ ਦੇਂਦੇ।

ਚੂਹੜ ਦੀ ਵਜ੍ਹਾ ਕਰਕੇ ਸਾਡੇ ਪੂਰੇ ਸਕੁਵੈਡ ਨੂੰ ਤਿੰਨ ਦਿਨ ਮਦਰਾਸੀ ਉਸਤਾਦ ਦੇ ਗੁੱਸੇ ਦਾ ਸ਼ਿਕਾਰ ਹੋ ਕੇ ਸਜ਼ਾ ਵੀ ਭੁਗਤਣੀ ਪਈ ਸੀ।

ਹੋਇਆ ਇੰਝ ਕਿ ਉਸ ਦਿਨ ਸਾਡੀ ਸਿਖਲਾਈ ਸ਼ੁਰੂ ਹੋਣ ਦਾ ਪਹਿਲਾ ਦਿਨ ਸੀ। ਮੈਂ ਤੇ ਚੂਹੜ ਪਲਾਸਟਿਕ ਦੀਆਂ ਛੋਟੀਆਂ ਬਾਲਟੀਆਂ ਲੈ ਕੇ ਬੈਰਕਾਂ ਤੋਂ ਥੋੜ੍ਹਾ ਹਟਵੇਂ ਬਣੇ ਪਖਾਨਿਆਂ ਵਿੱਚ ਸਵੇਰ ਦੀ ਕਿਰਿਆ ਤੋਂ ਨਵਿਰਤ ਹੋ ਕੇ ਨਹਾਉਣ ਲਈ ਪਾਣੀ ਦੀ ਟੂਟੀ ਵੱਲ ਆ ਗਏ। ਟੂਟੀ ਥੱਲੇ ਬੜੇ ਆਰਾਮ ਨਾਲ ਮਲ਼-ਮਲ਼ ਕੇ ਨਹਾ ਰਹੇ ਕਾਲ ਕਲੂਟੇ ਜਿਹੇ ਕੁਝ ਪੁਰਾਣੇ ਲਗਦੇ ਇਕ ਫੌਜੀ ਨੂੰ ਪੰਜ ਛੇ ਰੰਗਰੂਟ ਉਸ ਦਾ ਨਹਾ ਕੇ ਹਟਣ ਦਾ



ਇੰਤਜ਼ਾਰ ਕਰ ਰਹੇ ਸਨ ਪਰ ਉਹ ਬੜੇ ਆਰਾਮ ਨਾਲ ਨਹਾ ਰਿਹਾ ਸੀ। ਚੂਹੜ ਤੋਂ ਰਿਹਾ ਨਾ ਗਿਆ। ਹੱਟਾ-ਕੱਟਾ ਚੂਹੜ ਬਿਨਾਂ ਡਰੇ ਉਹਦੀ ਬਾਂਹ ਫੜ ਕੇ ਟੂਟੀ ਤੋਂ ਪਾਸੇ ਖਿੱਚ ਕੇ ਬੋਲਿਆ, ਭੈਣ ਦੇਣਿਆਂ ਕਾਲਿਆ ਜਿਹਾ ਤੇਰੇ ਭਣੋਈਆਂ ਵੀ ਨਹਾਉਣੈ, ਕਾਲੇ ਕਾਂ ਸਾਬਣ ਨਾਲ ਥੋੜ੍ਹੋਂ ਚਿੱਟੇ ਹੁੰਦੇ ਐ ?

ਨਹਾਉਣ ਵਾਲਾ ਸਾਬਣ ਦੀ ਝੱਗ ਨਾਲ ਚਿੱਟਾ ਹੋਇਆ ਅਰੇ ਅਰੇ, ਕਿਆ ਕਰ ਰਹਾ ਹੈ, ਕੌਨ ਸਾ ਸਕੁਵੈਡ ਹੈ। ਆਖਦਾ ਰਹਿ ਗਿਆ।

ਚੂਹੜ ਇਕ ਮਿੰਟ ਵਿੱਚ ਹੀ ਕੁੱਤੇ ਦੇ ਛੱਪੜ ਵਿੱਚ ਵੜ ਕੇ ਨਿਕਲਣ ਵਾਂਗ ਤਾਰੀ ਲਾ ਕੇ ਪਾਸੇ ਹਟਦਾ ਮੈਨੂੰ ਬੋਲਿਆ, ਹਰਨੇਕ, ਇਕ ਮਿੰਟ ਲਾਈਂ ਹੋਰਾਂ ਵੀ ਪਰੇਡ ਵਿੱਚ ਜਾਣੈ। ਇਹ ਸਿਆਣਪ ਭਰੀ ਚਿਤਾਵਨੀ ਚੂਹੜ ਵੱਲੋਂ ਸਾਰਿਆਂ ਨੂੰ ਸੀ।

ਮੈਨੂੰ ਬਾਪੂ ਵੱਲੋਂ ਛੋਟੇ ਹੁੰਦਿਆਂ ਪਾਣੀ ਦੇ ਚੁਬੱਚੇ ਵਿੱਚੋਂ ਇੱਕ ਚੁੱਭੀ ਲਾ ਕੇ ਨਿਕਲੇ ਠਰੂੰ-ਠਰੂੰ ਕਰਦੇ ਨੂੰ ਵੇਖ ਬੋਲਿਆ ਅਖਾਣ ਯਾਦ ਆ ਗਿਆ, ਕੰਜਰਾ ਚੱਜ ਨਾਲ ਮਲ਼ ਕੇ ਨਹਾ ਖਾਂ, ਕੁੱਤੇ ਨਹਾਉਣੀ ਜਿਹੀ ਕਰਕੇ ਬਾਹਰ ਨਿਕਲ ਆਇਆਂ !

ਟੂਟੀ ਥੱਲੇ ਨਹਾਉਣ ਵਾਲਾ ਮਦਰਾਸੀ ਪੀ. ਟੀ. ਉਸਤਾਦ ਸੀ ਜੋ ਚੂਹੜ ਦੀ ਸ਼ੁਧ ਪੰਜਾਬੀ ਨਹੀਂ ਸਮਝਿਆ ਸੀ। ਉਹ ਡੌਰ ਭੌਰ ਹੋਇਆ ਸਿਰਫ਼ ਏਨਾ ਹੀ ਬੋਲਿਆ,

ਕੌਨ ਸੇ ਸਕੁਵੈਡ ਕਾ ਥਾ ਯੇਹ ਰਿਕਰੂਟ ? ਆਖਦਾ ਦੁਬਾਰਾ ਟੂਟੀ ਥੱਲੇ ਹੋ ਗਿਆ।

ਸਕੁਵੈਡ ਕੀਹਨੇ ਦੱਸਣਾ ਸੀ ! ਅੱਜ ਹੀ ਤਾਂ ਵੀਹ ਜਵਾਨਾਂ ਦੇ ਬਣੇ ਸਾਡੇ ਨਵੇਂ ਸਕੁਵੈਡ ਦੀ ਸਿਖਲਾਈ ਸ਼ੁਰੂ ਹੋਣੀ ਸੀ। ਅਸੀਂ ਜਲਦੀ-ਜਲਦੀ ਬੈਰਕ ਵਿੱਚ ਆ ਗਏ ਤੇ ਤਿਆਰ ਹੋ ਕੇ ਪੂਰਾ ਸਕੁਵੈਡ ਪੀ. ਟੀ. ਗਰਾਊਂਡ ਵਿੱਚ ਆ ਗਿਆ ।

ਫੌਜੀ ਸਿਖਲਾਈ ਕੇਂਦਰਾਂ ਵਿੱਚ ਸਾਰੇ ਰੰਗਰੂਟ ਉਸਤਾਦਾਂ ਦੇ ਰਗੜੇ ਤੋਂ ਬਹੁਤ ਡਰਦੇ ਹਨ। ਸਾਡਾ ਸਕੁਵੈਡ ਸਬੱਬ ਨਾਲ ਪਹਿਲੇ ਦਿਨ ਉਸੇ ਪੀ. ਟੀ. ਉਸਤਾਦ ਦੇ ਹਿੱਸੇ ਆ ਗਿਆ ਤੇ ਉਸ ਨੇ ਚੂਹੜ ਨੂੰ ਪਛਾਣ ਵੀ ਲਿਆ। ਫਿਰ ਕੀ ਸੀ ਉਹੀ ਉਸਤਾਦ ਸਾਡਾ ਪੀ. ਟੀ. ਦਾ ਪੀਰਡ ਮਿਥ ਕੇ ਲੈਂਦਾ। ਪੰਜਤਾਲੀ ਮਿੰਟਾਂ ਵਿੱਚ ਸਾਡੇ ਸਕੁਵੈਡ ਦਾ ਧੂੰਆਂ ਕੱਢ ਕੇ ਰੱਖ ਦੇਂਦਾ।

ਸਕੁਵੈਡ ਵਿੱਚ ਮੈਂ ਤੇ ਚੂਹੜ ਹੀ ਦੋ ਸਰਦਾਰ ਸਾਂ ਬਾਕੀ ਸਾਰੇ ਦੂਸਰੇ ਸੂਬਿਆਂ ਦੇ ਜਵਾਨ ਸਨ। ਬਾਕੀ ਤਾਂ ਮਾੜੀ ਮੋਟੀ ਪੰਜਾਬੀ ਸਮਝ ਲੈਂਦੇ ਸਨ ਪਰ ਮਰਾਠੀ, ਬੰਗਾਲੀ, ਮਦਰਾਸੀ, ਕੇਰਲਾ, ਤਾਮਿਲਨਾਡੂ ਅਤੇ ਕਰਨਾਟਕਾ ਦੇ ਮੁੰਡੇ ਸਾਨੂੰ ਪੰਜਾਬੀ ਬੋਲਦਿਆਂ ਸੁਣਦੇ ਉੱਲੂਆਂ ਵਾਂਗ ਝਾਕਦੇ ਰਹਿੰਦੇ ਸਨ ਤੇ ਅਸੀਂ ਉਨ੍ਹਾਂ ਨੂੰ। ਉਹਨਾਂ ਦੀ ਕਿੜ-ਪਿੜ ਸਾਡੇ ਪੱਲੇ ਵੀ ਨਹੀਂ ਪੈਂਦੀ ਸੀ। ਥੋੜ੍ਹੇ ਸਮੇਂ ਵਿੱਚ ਹੀ ਉਹ ਸਾਰੇ ਤਾਂ ਪੰਜਾਬੀ ਸਿੱਖ ਕੇ ਕੁਝ ਸਮਝਣ ਵੀ ਲੱਗ ਪਏ ਪਰ ਉਨ੍ਹਾਂ ਦੀ ਭਾਸ਼ਾ ਸਾਡੇ ਪੱਲੇ ਸਾਰੀ ਸਰਵਿਸ ਦੌਰਾਨ ਵੀ ਨਾ ਪਈ। ਚੂਹੜ ਕਈ ਵਾਰ ਆਖਦਾ, ਆਹ ਦੋ-ਚਾਰ ਭਾਸ਼ਾਵਾਂ ਵਿੱਚ ਜੇ ਕਿਸੇ ਨੂੰ ਜੁਆਬ ਦੇਣਾ ਹੋਵੇ ਤਾਂ ਡੱਬੇ ਵਿੱਚ ਰੋੜ ਪਾ ਛਣਕਾਅ ਕੇ ਕਹੋ, ਸਮਝ ਲੈ ਭਾਈ।

ਚੂਹੜ ਨੇ ਮਾਲਵੇ ਦੇ ਟਿੱਬਿਆਂ ਅਤੇ ਮੈਂ ਮਾਝੇ ਦੀ ਰੋਹੀ ਵਿੱਚ ਕਬੱਡੀਆਂ

ਖੇਡੀਆਂ ਅਤੇ ਡੰਗਰਾਂ ਮਗਰ ਦੌੜਾਂ ਲਾਈਆਂ ਸਨ। ਸਾਨੂੰ ਤਾਂ ਕੁਝ ਨਾ ਹੋਇਆ ਪਰ ਦੂਸਰੇ ਸਾਰੇ ਹੀ ਖੱਲੀਆਂ ਪੈਣ ਕਾਰਨ ਮਹੀਨਾ ਭਰ ਲੱਤਾਂ ਚੌੜੀਆਂ ਕਰ- ਕਰ ਤੁਰਦੇ ਰਹੇ।

ਪੰਜ ਮਹੀਨੇ ਦੀ ਮੁਢਲੀ ਸਿਖਲਾਈ ਦੌਰਾਨ ਗ੍ਰਨੇਡ, ਸਟੇਨਗੰਨ, ਰਾਈਫਲ ਅਤੇ ਮਸ਼ੀਨ ਗੰਨ ਦੇ ਫਾਇਰ ਸਮੇਤ ਦੁਸ਼ਮਣ ਦੇ ਇਲਾਕੇ ਵਿੱਚ ਉਸ ਨੂੰ ਧੋਖਾ ਦੇਣ ਵਾਲੀਆਂ ਜੰਗਲੀ ਚਾਲਾਂ ਜਿਵੇਂ: ਮੰਕੀ ਚਾਲ, ਭੂਤ, ਕਰਾਲਿੰਗ ਅਤੇ ਲੁੜਕਣੀ ਚਾਲ ਮੇਰੀ ਯਾਦ ਦਾ ਹਿੱਸਾ ਹਨ। (ਵੈਪਨ ਟਰੇਨਿੰਗ) ਦੇਣ ਵਾਲੇ ਭਰੀਆਂ ਮੁੱਛਾਂ ਵਾਲੇ ਉੱਚੇ-ਲੰਮੇ ਰਾਜਸਥਾਨੀ ਉਸਤਾਦ ਵੱਲੋਂ ਇਕੋ ਸਾਹੇ , ਮਜਬੂਤ ਪਕੜ, ਦਰੁਸਤ ਸਿਸਤ ਅਤੇ ਦਰੁਸਤ ਟਰੈਗਰ ਅਪਰੇਸ਼ਨ ਚੰਗੇ ਫਾਇਰਰ ਕੇ ਮੁਢਲੇ ਅਸੂਲ ਹੈਂ। ਉਸ ਕੇ ਬਾਅਦ ਬਾਈਂ ਆਂਖ ਬੰਦ ਕਰੇਂ, ਅਪਰੇਚਰ ਹੋਲ ਕੇ ਬੀਚੋ-ਬੀਚ, ਬੈਰਲ ਕੀ ਫੋਰਸਾਈਡ ਨੋਕ ਔਰ ਟਾਰਗਿਟ ਕੋ ਏਕ ਲਾਈਨ ਮੇਂ ਮਿਲਾਏਂ, ਆਪਨਾ ਸਾਂਸ ਰੋਕ ਕਰ, ਦੈਨੇ ਹਾਥ ਕੀ ਕਲਮੇ ਵਾਲੀ ਉਂਗਲੀ ਸੇ ਟਰੈਗਰ ਦਬਾਏਂ। ਬੋਲਣਾ ਅੱਜ ਵੀ ਚੇਤੇ ਹੈ।

ਦੌੜ ਕੇ ਕਦਮਤਾਲ, ਲੈਫਟ- ਰਾਈਟ, ਗਰਾਉਂਡ ਅਤੇ ਨੀਮ ਪਹਾੜੀਆਂ ਦੇ ਚੱਕਰ ਕੱਟਦਿਆਂ ਪੰਜ ਮਹੀਨੇ ਬੀਤਣੇ ਫਿਰ ਅਠਾਈ ਦਿਨ ਦੀ ਰੰਗਰੂਟ ਛੁੱਟੀ ਕੱਟ ਕੇ ਦੁਬਾਰਾ ਸੈਂਟਰ ਵਿਚ ਕਦੋਂ ਪਹੁੰਚ ਗਏ ਪਤਾ ਹੀ ਨਾ ਲੱਗਾ। ਇਸ ਦੌਰਾਨ ਸਾਰੇ ਹੀ ਉਸਤਾਦ ਦੋਸਤਾਂ ਵਾਂਗ ਘੁਲ ਮਿਲ ਗਏ ਸਨ।

ਅਗਲੇ ਛੇ ਮਹੀਨੇ ਸਾਡੀ ਟਰੇਡ ਦੀ ਸਿਖਲਾਈ ਸੀ। ਸਾਡਾ ਟਰੇਡ ਡਰਾਈਵਰ ਸੀ। ਦਿਲ ਵਿੱਚ ਗੱਡੀ ਚਲਾਉਣ ਦੇ ਚਾਅ ਨੇ ਪਹਿਲਾਂ ਵਾਲੀ ਦੌੜ-ਭੱਜ ਭੁਲਾਅ ਦਿੱਤੀ ਸੀ। ਡਾਂਘਰੀਆਂ ਪਾਈ ਸਾਡਾ ਸਕੁਵੈਡ ਖੜ੍ਹਾ ਸੀ। ਇਕ ਜਾਟ ਉਸਤਾਦ ਦੀ ਸਾਡੇ ਨਾਲ ਡਿਊਟੀ ਸੀ।

ਅਰੇ ਭਾਈ ਮਨੇ ਬੇਰਾ ਪਾਟਿਆ ਸੈ ਕਿ ਥਾਰਾ ਸਕੁਵੈਡ ਉਸਤਾਦਾਂ ਕੇ ਸਾਥ ਬੋਤ ਬਦਮਾਸੀ ਕਰੇ ਥਾ, ਮਨੇ ਠੀਕ ਕਹਾ ਨਾ ਸਰਦਾਰ ਜੀ! ਉਸਤਾਦ ਨੇ ਚੂਹੜ ਵੱਲ ਸੋਟੀ ਕਰਦਿਆਂ ਕਿਹਾ।

ਸਰ, ਅਸੀਂ ਕਾਹਦੀ ਬਦਮਾਸ਼ੀ ਕਰਨੀ ਆ ਭਲਾ ? ਪੰਜ ਮਹੀਨਿਆਂ ਵਿੱਚ ਸਰ ਸਾਡੀ ਬੋਲ-ਚਾਲ ਦਾ ਹਿੱਸਾ ਬਣ ਗਿਆ ਸੀ।

ਨਾ ਭਾਈ, ਮੈਂ ਤੋ ਦੇਖਣਾ ਚਾਹਤਾ ਹੂੰ ਕਿ ਤਨੈ ਬੇਸਿਕ ਟਰੇਨਿੰਗ ਠੀਕ ਸੇ ਕੀ ਭੀ ਹੈ ਜਾਂ ਉਸਤਾਦਾਂ ਨੈ ਬੇਵਕੂਫ ਬਣਾਇਆ ਸੈ। ਪੂਰੇ ਐੱਮ. ਟੀ. ਸ਼ੈੱਡ ਕਾ ਚੱਕਰ ਕਾਟ ਕਰ ਕਿਤਨੀ ਦੇਰ ਮੇਂ ਆਤੇ ਹੈਂ ਪਤਾ ਚਲ ਜਾਏਗਾ, ਗੋਅ। ਉਸਤਾਦ ਨੇ ਸੋਟੀ ਘੁੰਮਾਉਂਦਿਆਂ ਹੁਕਮ ਚਾੜ੍ਹਿ ਆ।

ਸਕੁਵੈਡ ਨੇ ਛੂਟਾਂ ਵੱਟ ਲਈਆਂ।

ਹਰਨੇਕ, ਇਹ ਪਤੰਦਰ ਤਾਂ ਪਹਿਲਾਂ ਵਾਲਿਆਂ ਤੋਂ ਵੀ ਸਿਰਾ ਲਗਦੇ ਐ। ਚੂਹੜ ਨੇ ਮੇਰੇ ਕੰਨ ਵਿੱਚ ਦੌੜੇ ਜਾਂਦਿਆਂ ਹੌਲੀ ਜਿਹੀ ਕਿਹਾ।

ਹਮੇਸ਼ਾ ਵਾਂਗ ਅਸੀਂ ਸਭ ਤੋਂ ਪਹਿਲਾਂ ਆਏ ਪਰ ਸਾਡਾ ਸਾਹ ਨਾਲ ਸਾਹ ਨਹੀਂ ਰਲ਼



ਰਿਹਾ ਸੀ।

ਅਬ ਮੈਂ ਬਤਾਨੇ ਜਾ ਰਹਾ ਹੂੰ ਕਿ ਲੜਾਈ ਲਗਨੇ ਕੇ ਸਮੇਂ ਬਿਨਾਂ ਸੋਰ ਕੀਏ ਕਿਤਨੀ ਜਲਦੀ ਗਾਡੀ ਮੇਂ ਮਾਊਂਟ ਔਰ ਡਿਸ ਮਾਊਂਟ ਹੋਨਾ ਹੈ।

ਪਹਿਲਾਂ ਉਸਤਾਦ ਨੇ ਆਪ ਫੁਰਤੀ ਨਾਲ ਗੱਡੀ ਦੀ ਬਾਡੀ ਵਿੱਚ ਚੜ੍ਹਨ ਉਤਰਨ ਦਾ ਨਮੂਨਾ ਦਿੱਤਾ ਫਿਰ ਉੱਚੀ ਆਵਾਜ਼ ਵਿੱਚ ਬੋਲਿਆ, ਸਾਰੇ ਜਵਾਨ ਮਾਊਂਟ।

ਫਿਰ ਡਿਸ ਮਾਊਂਟ, ਲਗਾਤਾਰ ਇਸ ਕਾਰਵਾਈ ਨੇ ਪੰਜ-ਸੱਤ ਮਿੰਟ ਵਿਚ ਹੀ ਸਾਰੇ ਜਵਾਨਾਂ ਦੀਆਂ ਮਾਇਆ ਲਾ ਕੇ ਪ੍ਰੈੱਸ ਕੀਤੀਆਂ ਡਾਂਘਰੀਆਂ ਪਸੀਨੇ ਨਾਲ ਤਰ ਕਰ ਦਿੱਤੀਆਂ।

ਓ ਚੂਹੜੇ, ਹੁਣ ਕੋਈ ਐਵੇਂ ਅੰਟ-ਸ਼ੰਟ ਆਖ ਕੇ ਨਵਾਂ ਪੰਗਾ ਨਾ ਪਾ ਦੇਵੀਂ, ਇਹ ਸਾਲੇ ਸਜ਼ਾ ਦੇ ਕੇ ਈ ਫੰਨੇ ਖਾਂ ਬਣ ਜਾਂਦੇ ਨੇ, ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਅਸੀਂ ਇਹ ਪਹਾੜੀਆਂ ਪਹਿਲਾਂ ਹੀ ਚੜ੍ਹੇ ਹਾਂ। ਮੈਂ ਚੂਹੜ ਨੂੰ ਉਸ ਦੀ ਆਦਤ ਤੋਂ ਸੁਚੇਤ ਕੀਤਾ।

ਓਏ ਹਰਨੇਕ, ਆਹ ਚੂਹੜੇ ਸ਼ਬਦ ਨੇ ਤਾਂ ਮੇਰੇ ਬਚਪਨ ਦੀ ਯਾਦ ਤਾਜਾ ਕਰ ਦਿੱਤੀ। ਚੂਹੜ ਨੇ ਸਿਖਲਾਈ ਵਾਲੀ ਗੱਡੀ ਵਿੱਚ ਬੈਠ ਕੇ ਮੈਨੂੰ ਕਿਹਾ।

..... ਮੈਂ ਛੋਟਾ ਹੀ ਸਾਂ, ਸਕੂਲੋਂ ਆ ਕੇ ਵਿਹੜੇ ਆਲ਼ਿਆਂ ਦੇ ਸਕੂਲ ਪੜ੍ਹਦੇ ਜਵਾਕਾਂ ਨਾਲ ਖੇਡਣ ਮੈਂ ਰੋਜ਼ ਵਿਹੜੇ ਆ ਜਾਂਦਾ। ਇਕ ਦਿਨ ਮੇਰਾ ਵੱਡਾ ਭਰਾ ਮੈਨੂੰ ਲੱਭਦਾ ਜਵਾਕਾਂ ਨਾਲ ਖੇਡਦਿਆਂ ਵੇਖ ਉੱਚੀ ਦੇਣੇ ਬੋਲਿਆ, ਓ ਚੂਹੜੇ...., ਬਾਈ ਗਾਲ਼ਾਂ ਕੱਢੀ ਜਾਂਦੈ, ਘਰ ਨੂੰ ਜਾਂਦਾ ਰਹਿ।

ਵਿਹੜੇ ਵਾਲਿਆਂ ਨੇ ਮੇਰੇ ਭਰਾ ਨੂੰ ਚਾਰ-ਚੁਫੇਰਿਓਂ ਕਾਵਾਂ ਵਾਂਗ ਘੇਰ ਲਿਆ, ਤੇਰੀ ਚੂਹੜੇ ਆਖਣ ਦੀ ਹਿੰਮਤ ਕਿਵੇਂ ਪੈ ਗਈ? ਜੱਟ ਤੂੰ ਆਪਣੇ ਘਰ ਹੋਮੇਗਾ। ਮਿਹਨਤ ਕਰਦੇ ਹਾਂ, ਥੋਹਾਥੋਂ ਮੰਗ ਕੇ ਨਹੀਂ ਖਾਂਦੇ, ਥੋਡੇ ਬੂਥੇ ਸਾਡੇ ਤੋਂ ਵੀ ਭੈੜੇ ਨੇ ਊਂ ਜੱਟ ਬਣੇ ਫਿਰਦੇ ਓਂ।

ਉਦੋਂ ਭਰਾ ਨੇ ਬੜੀ ਮੁਸ਼ਕਿਲ ਨਾਲ ਇਹ ਕਹਿ ਕੇ ਖਹਿੜਾ ਛੁਡਾਇਆ ਸੀ, ਓ ਭਰਾਵੋ, ਮੇਰੇ ਛੋਟੇ ਭਰਾ ਦਾ ਨਾਂ ਚੂਹੜ ਸਿੰਘ ਹੈ, ਮੈਂ ਉਸ ਨੂੰ ਆਵਾਜ਼ ਮਾਰੀ ਸੀ, ਥੋਨੂੰ ਭਲਾ ਮੈਂ ਚੂਹੜੇ ਕਾਸ ਤੋਂ ਕਹਿਣਾ ਤੀ!

ਡਰਾਈਵਿੰਗ ਟਰੈਕ ਕਾਫ਼ੀ ਦੂਰ ਸੀ। ਮੈਂ ਹੋਰ ਦਿਲਚਸਪੀ ਲੈਂਦੇ ਨੇ ਕਿਹਾ, ਯਾਰ, ਇਹ ਨਾਮ ਰੱਖਣ ਦੀ ਤੇਰੇ ਮਾਂ-ਬਾਪ ਨੂੰ ਕੀ ਮਜਬੂਰੀ ਪੈ ਗਈ ਸੀ? ਹੋਰ ਨਾਮ ਨਾ ਲੱਭਾ ਉਨ੍ਹਾਂ ਨੂੰ!

ਕਾਹਨੂੰ ਮਿਰੇ ਯਾਰ, ਸਾਡੇ ਮੁਲਕ ਦੇ ਲੋਕਾਂ ਨੂੰ ਸਾਧ ਈ ਗਧੀਗੇੜਾਂ 'ਚ ਪਾਈ ਫਿਰਦੇ ਐ। ਮੇਰੇ ਭਰਾ ਬਾਹਲ਼ੇ ਕਾਲੇ ਜੰਮਣ ਕਰਕੇ ਬੇਬੇ ਨੂੰ ਧਨੌਲੇ ਆਲੇ ਸਾਧ ਨੇ ਪਹਿਲਾਂ ਹੀ ਕਹਿ 'ਤਾ ਭਾਈ, ਆਉਣ ਆਲੇ ਜਵਾਕ ਦਾ ਭੈੜਾ ਜਿਹਾ ਨਾਂ ਸੋਚ ਰੱਖੋ ਜਵਾਕ ਸੁਹਣਾ ਜੰਮੇਗਾ। ਭਲਾ ਦੀ ਹੁਣ ਤੂੰ ਦੱਸ, ਸਾਡਾ ਬੁੜ੍ਹਾ ਕਿਹੜਾ ਯੂਸਫ ਤੀ, ਜਿਹੋ ਜੀ ਕੋਕੋ ਬੱਚੇ ਵੀ ਤਾਂ ਅਹੇ ਜੇ ਹੋਣੇ ਤੇ। ਚੂਹੜ ਦੀਆਂ ਪਾਣੀ ਵਾਂਗ ਨਿਰਛੱਲ ਤੇ ਨਿਰਮਲ ਗੱਲਾਂ

ਮੈਨੂੰ ਬਹੁਤ ਵਧੀਆ ਲੱਗਦੀਆਂ। ਉਹ ਆਪ ਗੱਲ ਕਰਦਾ ਬਿਲਕੁੱਲ ਨਾ ਹੱਸਦਾ। ਜੋ ਵੀ ਦਿਲ ਵਿੱਚ ਹੁੰਦਾ ਫੜਾਕ ਦੇਣੇ ਆਖ ਦੇਂਦਾ।

ਸਿਖਲਾਈ ਪੂਰੀ ਕਰਕੇ ਅਸੀਂ ਇਕੱਠੇ ਹੀ ਇਕ ਨਵੀਂ ਬਣ ਰਹੀ ਪਲਟਣ ਵਿੱਚ ਚਲੇ ਗਏ। ਚਾਰ ਕੁ ਸਾਲ ਬਾਅਦ ਮੇਰਾ ਵਿਆਹ ਹੋ ਗਿਆ। ਮੈਂ ਫੈਮਿਲੀ ਨਾਲ ਹੀ ਲੈ ਆਇਆ। ਚੂਹੜ ਨੂੰ ਮੇਰੇ ਵਿਆਹ 'ਤੇ ਛੁੱਟੀ ਨਹੀਂ ਮਿਲੀ ਪਰ ਫੈਮਲੀ ਲੈ ਕੇ ਆਇਆਂ ਉਸ ਨੇ ਬੜਾ ਚਾਅ ਕੀਤਾ। ਫੈਮਲੀ ਮੈਂਬਰ ਬਣ ਕੇ ਸਾਡੀ ਪੰਜ ਸਾਲ ਦੀ ਇਕੱਠੀ ਰੋਟੀ ਵੱਖਰੀ ਹੋ ਗਈ ਸੀ। ਉਂਜ ਐੱਮ. ਟੀ. ਵਿੱਚ ਮਿਲਦੇ ਹੀ ਰਹਿੰਦੇ ਸਾਂ। ਫੈਮਿਲੀ ਮੈਂਬਰ ਤੋਂ ਇਲਾਵਾ ਫੌਜੀ ਕਵਾਟਰਾਂ ਵਿੱਚ ਜਾਣਾ ਵਰਜਿਤ ਸੀ। ਚੂਹੜ ਨੇ ਮੇਰੀ ਪਤਨੀ ਐਤਵਾਰ ਗੁਰਦੁਆਰਾ ਸਾਹਿਬ ਆਈ ਹੀ ਵੇਖੀ ਪਰ ਮਿਲ ਨਾ ਸਕਿਆ। ਓਦਾਂ ਮੈਨੂੰ ਬੋਲਿਆ, ਹਰਨੇਕ, ਬਹੂ ਤੇਰੀ ਸੁਹਣੀ ਐ।

ਮੈਂ ਕਿਹਾ, ਤੇਰੀ ਤਾਂ ਭਾਬੀ ਆ।

ਮੈਂ ਇਕ ਦਿਨ ਚੂਹੜ ਨੂੰ ਕਿਹਾ, ਹੁਣ ਤੂੰ ਵੀ ਵਿਆਹ ਕਰਵਾ ਲੈ ਫਿਰ ਫੈਮਲੀ ਮੈਂਬਰ ਬਣ ਕੇ ਉਹ ਦੋਵੇਂ ਪਕਾਇਆ ਕਰਨਗੀਆਂ ਤੇ ਅਸੀਂ ਇਕੱਠੇ ਬੈਠ ਕੇ ਖਾਇਆ ਕਰਾਂਗੇ।

ਬਾਈ ਹਰਨੇਕ, ਆਪਣਾ ਮੁਕਲਾਵਾ ਐਨੀ ਛੇਤੀ ਨ੍ਹੀਂ ਆਉਣ ਲੱਗਾ, ਪਹਿਲਾਂ ਤਿੰਨ 'ਬ੍ਰਹਮ ਬੂਟੇ' ਕਿਸੇ ਪਾਸੇ ਲੱਗਣ ਤੋਂ ਬਾਅਦ ਨੰਬਰ ਆਊ। ਚੂਹੜ ਨੇ ਹੱਸਦਿਆਂ ਕਿਹਾ।

ਸਮਾਂ ਗੁਜਰਦਾ ਗਿਆ। ਛੁੱਟੀ ਕੱਟ ਕੇ ਆਏ ਚੂਹੜ ਨੇ ਰੰਮ ਦਾ ਪੈੱਗ ਲਾਉਂਦਿਆਂ ਦੱਸਿਆ ਕਿ ਵੱਡਾ ਭਰਾ ਭੁੱਕੀ ਖਾਣ ਲੱਗ ਪਿਆ ਹੈ। ਉਂਜ ਵੀ ਚਾਲੀਆਂ ਦਾ ਹੋ ਗਿਆ ਹੈ ਪਰ ਬੇਬੇ ਹਾਲੇ ਵੀ ਉਹਦੇ ਲਈ ਕਵਾਰਾ ਡੋਲ੍ਹਾ ਭਾਲਦੀ ਐ। ਉਹਤੋਂ ਛੋਟੇ ਨੂੰ ਇਕ ਹਮਾਤੜ ਰਿਸ਼ਤਾ ਕਰਦਾ ਤੀ ਪਰ ਬੇਬੇ ਆਖਦੀ ਐ ਵੱਡੇ ਨੂੰ ਪਹਿਲਾਂ ਕਰਨੈ। ਮੇਰੇ ਤੋਂ ਵੱਡਾ ਟਰੱਕਾਂ 'ਤੇ ਜਾ ਵੜਿਆ ਹੈ। ਰਿਸ਼ਤਾ ਕਰਨ ਵਾਲੇ ਦੂਜਿਆਂ 'ਤੇ ਤਾਂ ਜਮਾ ਨਜ਼ਰ ਨਹੀਂ ਟਿਕਾਉਂਦੇ। ਆਖਦੇ ਨੇ ਫੌਜੀ ਨੂੰ ਅੱਜ ਹੀ ਕਰ ਦੇਨੇ ਐਂ।

ਚੂਹੜ ਆਖਦਾ, ਵਿਆਹ ਦੀ ਉਮਰ ਤਾਂ ਤੀਹਾਂ ਤੋਂ ਪਹਿਲਾਂ ਦੀ ਹੀ ਹੁੰਦੀ ਐ ਉਮਰੋਂ ਟੱਪ ਕੇ ਤਾਂ ਟੱਕਰਾਂ ਈ ਨੇ। ਵੈਸੇ ਵੀ ਮਾਲਵੇ ਦੇ ਬਹੁਤੇ ਟੱਬਰਾਂ ਵਿੱਚ ਇਕ ਦੋ ਬੁੜ੍ਹੇ ਔਤ ਜਾਣ ਦੀ ਰੀਤ ਐ। ÷

ਯਾਰ ਚੂਹੜੇ, ਮੈਨੂੰ ਹੋਰਾਂ ਦਾ ਤਾਂ ਪਤਾ ਨਹੀਂ, ਮੈਂ ਵੇਖੇ ਵੀ ਨਹੀਂ ਪਰ ਜੇ ਮੇਰੀ ਹੋਰ ਭੈਣ ਹੁੰਦੀ ਤਾਂ ਮੈਂ ਤੈਨੂੰ ਆਪਣਾ ਰਿਸ਼ਤੇਦਾਰ ਜਰੂਰ ਬਣਾ ਲੈਣਾ ਸੀ, ਮੇਰੇ ਤੋਂ ਛੋਟੀਆਂ ਪਿਉ ਨੇ ਭਰਤੀ ਹੋਣ ਤੋਂ ਪਹਿਲਾਂ ਹੀ ਗਾਈਂ ਦਾ ਰੱਸਾ ਫੜਾਉਣ ਵਾਂਗ ਤਿੱਗਣੀ ਉਮਰ ਦਿਆਂ ਦੇ ਲੜ ਲਾ ਦਿੱਤੀਆਂ ਸਨ। ਘੁੱਟ ਪੀਤੀ ਤੋਂ ਮੇਰੇ ਆਪਣੇ ਜ਼ਖਮ ਤਾਜਾ ਹੋ ਗਏ ਸਨ।

ਕੋਈ ਨਾ ਮਿਰੇਯਾਰ, ਦੋਸਤ ਰਿਸ਼ਤੇਦਾਰੀ ਤੋਂ ਵੱਧ ਹੁੰਦੇ ਐ। ਚੂਹੜ ਨੇ ਮੈਨੂੰ ਆਪਣੇ



ਨਾਲ ਘੁੱਟ ਲਿਆ।

ਕੁਝ ਸਮੇਂ ਬਾਅਦ ਕਵਾਰਾ ਡੋਲ੍ਹਾ ਭਾਲਦੀ ਚੂਹੜ ਦੀ ਬੇਬੇ ਜਹਾਨੋਂ ਰੁਖਸਤ ਹੋ ਗਈ। ਘਰ ਰੋਟੀ-ਟੁੱਕ ਦਾ ਔਖਾ ਹੋ ਗਿਆ। ਪੰਦਰਾ ਕਿੱਲੇ ਦੀ ਖੇਤੀ ਵੀ ਤੀਵੀਂ ਬਗੈਰ ਪ੍ਰਭਾਵਿਤ ਹੋਣ ਲੱਗੀ। ਕੁਝ ਮਸਖਰੇ ਚੂਹੜ ਦੇ ਟੱਬਰ ਨੂੰ ਛੜਿਆਂ ਦਾ ਟੱਬਰ ਵੀ ਆਖਣ ਲੱਗ ਪਏ।

ਇਹਨਾਂ ਦੇ ਸੰਯੋਗ ਪਤਾ ਨਹੀਂ ਕਦ ਖੁੱਲਦੇ ਐ, ਘਰ ਰੋਟੀ ਪੱਕਦੀ ਹੋ ਜੂ। ਸੋਚ ਚੂਹੜ ਨੂੰ ਪੁੱਛੇ ਬਗੈਰ ਹੀ ਉਸ ਦੇ ਪਿਤਾ ਨੇ ਰੁਪਈਆ ਫੜ ਕੇ ਚੂਹੜ ਨੂੰ ਵਿਆਹ ਲਈ ਸੱਦ ਲਿਆ ਸੀ।

ਚੂਹੜ ਨਾਲੋਂ ਮੈਨੂੰ ਉਹਦੇ ਵਿਆਹ ਦਾ ਚਾਅ ਵੱਧ ਸੀ ਪਰ ਕਈ ਬਹਾਨੇ ਬਣਾਉਣ ਦੇ ਬਾਵਜੂਦ ਛੁੱਟੀ ਨਾ ਮਿਲੀ। ਨਵੀਂ ਪਲਟਣ ਪੂਰੀ ਹੋਣ ਤੋਂ ਬਾਅਦ ਟ?ਰੇਨਿੰਗ ਕੈਂਪ 'ਤੇ ਜਾਣ ਕਰਕੇ ਚੂਹੜ ਨੂੰ ਵੀ ਵਿਆਹ ਵਾਸਤੇ ਸਿਰਫ਼ ਦਸ ਦਿਨ ਹੀ ਛੁੱਟੀ ਮਿਲੀ ਸੀ।

ਚੂਹੜ ਵਿਆਹ ਕਰਵਾ ਕੇ ਵਾਪਸ ਆਇਆ ਮੈਨੂੰ ਕੁਝ ਉਦਾਸ-ਉਦਾਸ ਜਿਹਾ ਲੱਗਿਆ। ਇਹ ਤੀਵੀਂ ਦਾ ਹੇਰਵਾ ਸੀ ਜਾਂ ਕੁਝ ਹੋਰ, ਕੋਈ ਸਮਝ ਨਾ ਲੱਗੀ।

ਸ਼ਾਮ ਦੀ ਗਿਣਤੀ (ਰੋਲ ਕਾਲ) ਤੋਂ ਬਾਅਦ ਜਦੋਂ ਮੈਂ ਉਸ ਨੂੰ ਉਦਾਸੀ ਦਾ ਕਾਰਨ ਪੁੱਛਿਆ ਤਾਂ ਉਹ ਬੋਲਿਆ, ਯਾਰ ਹਰਨੇਕ, ਤੇਰੇ ਆਲੀ ਭਾਬੀ ਵੱਡੇ ਲਾਣੇ 'ਚੋਂ ਆਈ ਐ, ਸਾਡੇ ਘਰੇ ਤਾਂ ਉਹ ਢੱਟਿਆਂ ਦੀ ਹੇੜ 'ਚ ਇਕੱਲੀ ਗਾਂ ਵਾਂਗ ਲਗਦੀ ਐ। ਪੇਕਿਆਂ ਤੋਂ ਭਲਾ ਦੀ ਕੋਈ ਕਿੰਨਾ ਕੁ ਚਿਰ ਉਹਦੇ ਕੋਲ ਰਹੂ!

ਮੈਂ ਚੂਹੜ ਨੂੰ ਗਲ਼ 'ਚ ਲੈ ਕੇ ਕਿਹਾ, ਪਹਿਲੀ ਗੱਲ ਤਾਂ ਉਹ ਮੇਰੀ ਭਾਬੀ ਨਹੀਂ ਭੈਣ ਆ, ਜੇ ਮੇਰੀ ਭੈਣ ਤੇਰੇ ਵੱਲ ਹੁੰਦੀ ? ਕੋਈ ਨਾ ਸਭ ਠੀਕ ਹੋ ਜੂ, ਤੂੰ ਕੈਂਪ ਤੋਂ ਆ ਕੇ ਸਲਾਨਾ ਛੁੱਟੀ ਭਰ ਦੇਵੀਂ।

ਚੂਹੜ ਮੈਨੂੰ ਘੁੱਟਦਾ ਭਾਵਕ ਹੋ ਗਿਆ ਸੀ। ਮੈਂ ਉਸਨੂੰ ਨਾਲ ਘੁੱਟਦਿਆਂ ਕਿਹਾ, ਚੂਹੜ ਸਿਆਂ ਸ਼ੇਰ ਬਣ, ਜੇ ਫੌਜੀ ਮੁਲਕ ਦੇ ਮੋਰਚੇ ਸੰਭਾਲਦੇ ਹਨ ਤਾਂ ਉਨ੍ਹਾਂ ਦੀਆਂ ਪਤਨੀਆਂ ਘਰਾਂ ਦੇ ਮੋਰਚੇ ਸੰਭਾਲਦੀਆਂ ਨੇ !

◆◆◆

# ਕਾਗਜ਼ 'ਤੇ ਲਿਖੀ ਚੁੱਪ

**ਪ੍ਰਤਾਪ ਪਾਰਸ ਗੁਰਦਾਸਪੁਰੀ**

ਵੈਸੇ ਤਾਂ ਮੈਂ ਕਈ ਵਾਰ ਜਦੋਂ ਮੇਰੇ ਬੱਚੇ ਪਿੰਡ ਚਲੇ ਜਾਂਦੇ ਤਾਂ ਮੈਂ ਉਸਦੇ ਦੇ ਢਾਬੇ 'ਤੇ ਰੋਟੀ ਖਾਣ ਲਈ ਜਾਇਆ ਕਰਦਾ ਸੀ ਜਿੱਥੇ ਢਾਬੇ ਵਾਲੇ ਦੀ ਪਤਨੀ ਵੀ ਉਸਦੇ ਇਸ ਕੰਮ ਵਿਚ ਉਸਦੇ ਨਾਲ ਪੂਰਾ ਹੱਥ ਵਟਾਇਆ ਕਰਦੀ ਸੀ ਪਰ ਮੈਂ ਉਨ੍ਹਾਂ ਨੂੰ ਕਦੇ ਆਪਸ ਵਿਚ ਮਤਲਬ ਦੀ ਗੱਲ ਬਿਨਾਂ ਬੋਲਦੇ ਨਾ ਵੇਖਦਾ। ਮੈਂ ਆਪਣੇ ਮਨ ਵਿਚ ਹੀ ਉਨ੍ਹਾਂ ਦੀ ਇਸ ਚੁੱਪ ਦੇ ਕਈ ਅਰਥ ਕੱਢਦਾ ਪਰ ਇਸ ਬਾਰੇ ਪੁੱਛਣ ਦੀ ਹਿੰਮਤ ਨਾ ਕਰਦਾ। ਪਤਾ ਨਹੀਂ ਅੱਜ ਕਿਉਂ ਮੇਰਾ ਮਨ ਕੀਤਾ ਕਿ ਵਿਕਾਸ ਨੂੰ ਉਸਦੇ ਇਸ ਤਰ੍ਹਾਂ ਚੁੱਪ-ਚੁੱਪ ਰਹਿਣ ਦਾ

ਕਾਰਨ ਪੁੱਛਿਆ ਜਾਵੇ ਉਂਝ ਵੀ ਅੱਜ ਨੇੜੇ ਹੀ ਇਕ ਸੰਸਥਾ ਵੱਲੋਂ ਲਗਾਏ ਗਏ ਲੰਗਰ ਕਾਰਨ ਵਿਕਾਸ ਦੇ ਢਾਬੇ ’ਤੇ ਗਾਹਕਾਂ ਦੀ ਗਿਣਤੀ ਘੱਟ ਸੀ। ਮੇਰੇ ਵੱਲੋਂ ਵਿਕਾਸ ਨੂੰ ਉਨ੍ਹਾਂ ਦੋਵਾਂ ਜੀਆਂ ਦੀ ਇਸ ਤਰ੍ਹਾਂ ਹਰ ਵਕਤ ਦੀ ਖਾਮੋਸ਼ੀ ਬਾਰੇ ਪੁੱਛਣ ’ਤੇ ਵਿਕਾਸ ਆਪਣੀ ਸੀਟ ’ਤੋਂ ਉੱਠ ਮੇਰੇ ਕੋਲ ਪਈ ਖਾਲੀ ਫੱਟੀ ’ਤੇ ਹੀ ਆ ਕੇ ਬੈਠ ਗਿਆ।

ਉਸਨੇ ਸਭ ਤੋਂ ਪਹਿਲਾਂ ਬੱਸ ਇਹ ਹੀ ਸ਼ਬਦ ਕਹੇ ਕਿ ਭਾਈ ਸਾਹਿਬ ਜੀ ਜਦੋਂ ਵਕਤ ਤੁਹਾਡੇ ਹੱਕ ਵਿਚ ਹੁੰਗਾਰਾ ਨਾ ਭਰੇ ਤਾਂ ਚੁੱਪ ਰਹਿਣਾ ਹੀ ਬਿਹਤਰ ਹੁੰਦਾ ਹੈ, ਵੀਰ ਜੀ ਮੈਂ ਤੇ ਮੇਰੀ ਪਤਨੀ ਗੁਰਲੀਨ ਅਸੀਂ ਦੋਵਾਂ ਨੇ ਹੀ ਗਰੈਜੂਏਸ਼ਨ ਕੀਤੀ ਹੋਈ ਹੈ ਅਤੇ ਮੇਰੇ ਮਾਤਾ-ਪਿਤਾ ਸਰਕਾਰੀ ਅਧਿਆਪਕ ਸਨ ਉਨ੍ਹਾਂ ਦੋਵਾਂ ਨੇ ਆਪਣੀ ਦੂਰਅੰਦੇਸ਼ ਸੋਚ ਨਾਲ ਮੇਰਾ ਤੇ ਗੁਰਲੀਨ ਦਾ ਵਿਆਹ ਬੜੀ ਰੀਝ ਨਾਲ ਆਪਣੀ ਅਤੇ ਸਾਡੀ ਦੋਵਾਂ ਦੀ ਮਰਜੀ ਨਾਲ ਕੀਤਾ ਅਤੇ ਆਪਣੀ ਸਹਿਮਤੀ ਨਾਲ ਸਾਡੇ ਬਿਹਤਰ ਭਵਿੱਖ ਲਈ ਪੂਰੇ ਚਾਅ-ਮਲਾਰ ਨਾਲ ਆਸਟਰੇਲੀਆ ਭੇਜਿਆ ਸੀ। ਜ਼ਿੰਦਗੀ ਤਰ੍ਹਾਂ-ਤਰ੍ਹਾਂ ਦੇ ਰੰਗਾਂ ਵਿਚ ਘੁਲੀ ਹੋਈ ਹੋਰ ਵੀ ਰੰਗੀਨ ਹੋ ਗਈ ਅਸੀਂ ਜੀਵਨ ਦਾ ਅਨੰਦ ਲੈਂਦਿਆਂ-ਲੈਂਦਿਆਂ ਇਹ ਭੁੱਲ ਹੀ ਗਏ ਕਿ ਜੀਵਨ ਵਿਚ ਸੁੱਖਾਂ ਦੇ ਨਾਲ ਦੁੱਖ ਵੀ ਆਇਆ ਕਰਦੇ ਨੇ। ਇਸ ਗੱਲ ਦਾ ਮੈਨੂੰ ਓਦੋਂ ਅਹਿਸਾਸ ਹੋਇਆ ਜਦੋਂ ਮੇਰੇ ਆਸਟ?ਰੇਲੀਆ ਜਾਣ ਤੋਂ ਦੋ ਸਾਲ ਬਾਅਦ ਹੀ ਮੇਰੀ ਜ਼ਿੰਦਜਾਨ ਤੇ ਮੈਨੂੰ ਜਨਮ ਦੇਣ ਵਾਲੀ ਮੇਰੀ ਮਾਂ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਉਸ ਵਕਤ ਗੁਰਲੀਨ ਸੱਤ ਮਹੀਨੇ ਦੀ ਗਰਭਵਤੀ ਸੀ।ਬੇਸ਼ੱਕ ਵਿਦੇਸ਼ ਵਿਚ ਗੁਰਲੀਨ ਨੂੰ ਇਸ ਹਾਲਤ ਵਿਚ ਇੱਕਲੀ ਨੂੰ ਛੱਡ ਕੇ ਆਉਣਾ ਕਿਸੇ ਕੀਮਤ ’ਤੇ ਵੀ ਠੀਕ ਨਹੀਂ ਸੀ ਪਰ ਮੇਰੇ ਵੱਲੋਂ ਮਾਂ ਦੇ ਅੰਤਿਮ ਦਰਸ਼ਨ ਕਰਨ ਦੀ ਜ਼ਿੱਦ ’ਤੇ ਮੈਨੂੰ ਮੇਰੇ ਪਿਤਾ ਜੀ ਨੇ ਸਮਝਾਇਆ ਕਿ ਪੁੱਤਰ ਤੇਰੀ ਮਾਂ ਤਾਂ ਇਸ ਜਹਾਨ ਤੋਂ ਬਹੁਤ ਦੂਰ ਜਾ ਚੁੱਕੀ ਹੈ ਸਾਡੇ ਕੋਲ ਤਾਂ ਹੁਣ ਬੱਸ ਇਹ ਇਕ ਮਿੱਟੀ ਦੀ ਢੇਰੀ ਹੈ। ਇਸਨੂੰ ਗਲ ਨਾਲ ਲਾ ਕੇ ਵੀ ਹੁਣ ਤੂੰ ਕੀ ਕਰੇਂਗਾ? ਰਿਸ਼ਤੇ ਰੂਹ ਨਾਲ ਹੋਇਆ ਕਰਦੇ ਨੇ ਕਦੇ ਜਿਸਮ ਨਾਲ ਨਹੀਂ ਪੁੱਤਰ, ਤੂੰ ਬਹੂ ਦਾ ਖਿਆਲ ਰੱਖ ਮੈਂ ਤੇਰੀਆਂ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ ਨਾਲੇ ਪੁੱਤਰ ਅਸੀਂ ਪੜ੍ਹੇ-ਲਿਖੇ ਹਾਂ ਸਾਨੂੰ ਇਸ ਗੱਲ ਨੂੰ ਦਿਮਾਗ ਨਾਲ ਸਮਝਣ ਦੀ ਲੋੜ ਹੈ ਕਿ ਬਹੂ ਬੇਗਾਨੇ ਦੇਸ਼ ਵਿਚ ਇੱਕਲੀ ਨਾਲੇ ਉਹ ਵੀ ਇਸ ਹਾਲ ਵਿਚ ਕਿਵੇਂ ਟਾਇਮ ਕੱਢ ਸਕਦੀ ਏ। ਸੋ ਮੈਂ ਪਿਤਾ ਜੀ ਵੱਲੋਂ ਮਿਲੇ ਹੌਸਲੇ ਨਾਲ ਆਪਣੀ ਮਾਂ ਦੇ ਅੰਤਿਮ ਦਰਸ਼ਨ ਵੀ ਨਹੀਂ ਕਰ ਸਕਿਆ ਅਤੇ ਕਈ ਮਹੀਨੇ ਮਾਂ ਦੇ ਸੋਗ ਵਿਚ ਹੀ ਡੁੱਬਿਆ ਰਿਹਾ।ਦੋ ਮਹੀਨੇ ਬਾਅਦ ਗੁਰਲੀਨ ਨੇ ਇਕ ਬੇਟੇ ਨੂੰ ਜਨਮ ਦਿੱਤਾ ਜੋ ਸਾਡੀਆਂ ਖੁਸ਼ੀਆਂ ਦਾ ਸਾਂਝਦਾਰ ਸਿਰਫ ਦੋ ਹਫ਼ਤੇ ਹੀ ਰਿਹਾ ਜੋ ਜਨਮ ਤੋਂ ਹੀ ਛਾਤੀ ਦੀ ਇਨਫੈਕਸ਼ਨ ਦਾ ਸ਼ਿਕਾਰ ਸੀ,ਜਿਸ ਕਰਕੇ ਸਾਡੇ ਬੱਚੇ ਦੀ ਦੋ ਹਫ਼ਤੇ ਬਾਅਦ ਹੀ ਮੌਤ ਹੋ ਗਈ ਮੈਂ ਤੇ ਮੇਰੀ ਪਤਨੀ ਏਨਾ ਵੱਡਾ ਸਦਮਾ ਨਾ ਸਹਾਰਦੇ ਹੋਏ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਈ ਪੂਰਾ ਸਾਲ ਪਰਾਪਰ ਟਰੀਟਮੈਂਟ ਲੈਣ ਤੋਂ ਬਾਅਦ ਕੁਝ ਪੈਰਾਂ ’ਤੇ ਆਏ ਹੀ ਸਾਂ ਕਿ ਵਤਨੋਂ ਮੈਸਿਜ ਪਹੁੰਚ ਗਿਆ ਕਿ ਪਿਤਾ ਜੀ ਨੂੰ ਪੈਰਾਲਾਇਜ ਅਟੈਕ ਹੋ ਗਿਆ ਹੈ। ਮੈਂ ਮਾਂ-ਪਿਓ ਦੀ ਇਕਲੌਤੀ



ਸੰਤਾਨ ਹੋਣ ਕਰਕੇ ਪਿਤਾ ਜੀ ਦੀ ਦੇਖ-ਭਾਲ ਕਰਨ ਵਾਲਾ ਮੇਰੇ ਬਿਨਾਂ ਘਰ ਵਿਚ ਹੋਰ ਕੋਈ ਨਹੀਂ ਸੀ।ਸਭ ਕੁਝ ਵਿਦੇਸ਼ ਛੱਡ-ਛੁਡਾਕੇ ਜਲਦੀ-ਜਲਦੀ ਵੀਜ਼ਾ ਲਗਵਾ ਅਸੀਂ ਦੋਵੇਂ ਮੀਆਂ-ਬੀਵੀ ਵਾਪਸ ਆਪਣੇ ਸ਼ਹਿਰ ਆ ਗਏ।

ਪਿਤਾ ਜੀ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਸੀ ਉਨ੍ਹਾਂ ਕੋਲੋਂ ਆਪ ਉੱਠ ਕੇ ਅੰਦਰ-ਬਾਹਰ ਵੀ ਨਹੀਂ ਜਾਇਆ ਜਾ ਰਿਹਾ ਸੀ ਮੇਰੀ ਕੋਲ ਰਹਿੰਦੀ ਭੂਆ ਦਾ ਲੜਕਾ ਹੀ ਉਨ੍ਹਾਂ ਨੂੰ ਦੇਖ ਰਿਹਾ ਸੀ ਪਰ ਪਿਤਾ ਜੀ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ ਸਨ ਇਸ ਕਰਕੇ ਉਹ ਕਦੇ ਵੀ ਸਾਨੂੰ ਇਹ ਮਹਿਸੂਸ ਨਾ ਹੋਣ ਦਿੰਦੇ ਕਿ ਮੈਂ ਬਹੁਤ ਤੰਗ ਹਾਂ ਪਰ ਅਸੀਂ ਦੋਵਾਂ ਨੇ ਹੀ ਪਿਤਾ ਜੀ ਦੀ ਸੇਵਾ ਵਿਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਦਵਾਈਆਂ ਅਤੇ ਘਰ ਦੇ ਖਰਚੇ ਲਈ ਸਿਰਫ਼ ਪਿਤਾ ਜੀ ਦੀ ਪੈਨਸ਼ਨ ਕਾਫੀ ਨਹੀਂ ਸੀ ਇਸ ਲਈ ਮੈਨੂੰ ਕੁਝ ਨਾ ਕੁਝ ਤਾਂ ਕਰਨਾ ਹੀ ਪੈਣਾ ਸੀ।ਆਪਣੇ ਪੰਜਾਬ ਵਿਚ ਤਾਂ ਰੁਜ਼ਗਾਰ ਦਾ ਪਹਿਲਾਂ ਹੀ ਬਹੁਤ ਬੁਰਾ ਹਾਲ ਸੀ ਕੋਈ ਨੌਕਰੀ ਦੀ ਆਸ-ਉਮੀਦ ਤਾਂ ਕਿਸੇ ਪਾਸਿਓਂ ਲੱਗਦੀ ਨਹੀਂ ਸੀ ਮੈਂ ਤੇ ਗੁਰਲੀਨ ਨੇ ਸਲਾਹ ਕਰਕੇ ਅਤੇ ਕਾਰਪੋਰੇਸ਼ਨ ਦੀ ਮਨਜ਼ੂਰੀ ਲੈ ਕੇ ਆਪਣੇ ਸ਼ਹਿਰ ਵਿਚ ਹੀ ਇਕ ਛੋਟਾ ਜਿਹਾ ਆਹ ਢਾਬਾ (ਜ਼ਮੀਨ ’ਤੇ ਹੀ ਬੈਠ ਕੇ ਖਾਣਾ ਖਾਣ ਵਾਲਾ) ਖੋਲ ਲਿਆ ਜਿਸ ਵਿਚ ਗੁਰਲੀਨ ਮੇਰੀ ਬਹੁਤ ਮਦਦ ਕਰਦੀ ਹੈ ਅਸੀਂ ਰਾਤ ਹੀ ਚੌਲ-ਸਬਜ਼ੀਆਂ ਤਿਆਰ ਕਰ ਲੈਂਦੇ ਹਾਂ ਅਤੇ ਰੋਟੀਆਂ ਮੈਂ ਜਾਂ ਮੇਰੀ ਪਤਨੀ ਮੌਕੇ ’ਤੇ ਹੀ ਗਾਹਕਾਂ ਦੀ ਮੰਗ ਅਨੁਸਾਰ ਲਾਹ ਦਿੰਦੇ ਹਾਂ।

ਜ਼ਿੰਦਗੀ ਡੱਕੇ-ਡੋਲੇ ਖਾਂਦੀ ਅਗਾਂਹ ਤੁਰ ਰਹੀ ਸੀ ਪਰ ਕਿਸਮਤ ਨੂੰ ਜਿਵੇਂ ਕੁਝ ਹੋਰ ਹੀ ਮਨਜ਼ੂਰ ਸੀ ਅਤੇ ਜ਼ਿੰਦਗੀ ਸਾਡੀ ਹੋਰ ਪ੍ਰੀਖਿਆ ਲੈਣਾ ਚਾਹੁੰਦੀ ਸੀ। ਪਿਤਾ ਜੀ ਦਾ ਸਾਥ ਵੀ ਛੁੱਟ ਗਿਆ ਉਹ ਵੀ ਇਕ ਦਿਨ ਸਾਨੂੰ ਜੀਵਨ ਵਿਚ ਹਾਲਾਤ ਨਾਲ ਡੱਟ ਕੇ ਮੁਕਾਬਲਾ ਕਰਨ ਲਈ ਸਨੇਹਾ ਦੇ ਕੇ ਦੁਨੀਆਂ ਤੋਂ ਰੁਖ਼ਸਤ ਹੋ ਗਏ। ਹੁਣ ਜੀਵਨ ਜੀਅ ਤਾਂ ਰਹੇ ਹਾਂ ਪਰ ਇੰਝ ਲੱਗਦਾ ਹੈ ਜਿਵੇਂ ਪੱਤਝੜ ਵਿਚ ਰੁੱਖਾਂ ਤੋਂ ਫੁੱਲ-ਪੱਤੇ ਝੜ ਜਾਂਦੇ ਹਨ ਓਵੇਂ ਹੀ ਸਾਡੀ ਜ਼ਿੰਦਗੀ ਵਿਚੋਂ ਚਾਅ-ਮਲਾਰ ਖ਼ਤਮ ਹੋ ਗਏ ਹਨ। ਗੁਰਲੀਨ ਬੇਟੇ ਦੀ ਮੌਤ ਤੋਂ ਬਾਅਦ ਅੱਜ ਤੱਕ ਆਪਣੇ ਪੈਰਾਂ ’ਤੇ ਨਹੀਂ ਆਈ ਅਤੇ ਨਾ ਹੀ ਦੁਬਾਰਾ ਮਾਂ ਬਣ ਸਕੀ ਹੁਣ ਤਾਂ ਸਾਡੇ ਡਾਕਟਰ ਨੇ ਵੀ ਡਿਕਲੇਅਰ ਕਰ ਦਿੱਤਾ ਹੈ ਕਿ ਤੁਹਾਡੇ ਹੁਣ ਕਦੇ ਵੀ ਬੱਚਾ ਨਹੀਂ ਹੋ ਸਕਦਾ।

ਹੁਣ ਤੂੰ ਹੀ ਦੱਸ ਮੇਰੇ ਮਿੱਤਰਾ,ਵਕਤ ਅਤੇ ਹਾਲਾਤ ਦੇ ਅਜਿਹੇ ਲਫੇੜੇ ਖਾ ਕੇ ਕੋਈ ਇਨਸਾਨ ਕਿਵੇਂ ਹੱਸ-ਬੋਲ ਸਕਦਾ ਹੈ?

ਮੈਂ ਵੀ ਵਿਕਾਸ ਦੇ ਦੁੱਖਾਂ ਦੀ ਕਹਾਣੀ ਸੁਣ ਕੇ ਚੁੱਪ ਹੋ ਗਿਆ ਤੇ ਉਸਨੂੰ ਕੁਝ ਕਹਿਣ ਦੀ ਬਜਾਏ ਉਸਦੀ ਚੁੱਪ ਨੂੰ ਇੱਕਲਾ ਬੈਠ ਕੇ ਬੱਸ ਕਾਗਜ਼ ’ਤੇ ਹੀ ਲਿਖ ਸਕਿਆ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ**
**ਫੋਨ 9988811681**

◆◆◆

# ਨਿਬੰਧ

## ਪੁਸਤਕ - ‘ਉਤਰ-ਪੱਛਮੀ ਭਾਰਤ ਦੇ ਲੋਕ-ਨਾਚ : ਸਭਿਆਚਾਰਕ ਇਤਿਹਾਸ’

### ਰਚਿਤ-ਡਾ. ਜਗੀਰ ਸਿੰਘ ਨੂਰ ( ਨਿਕਟਵਰਤੀ ਅਧਿਐਨ)

**ਵੱਲੋਂ : ਡਾ. ਬਲਕਰਨ ਸਿੰਘ ‘ਭਾਗਸਰੀਆ**

**ਕਿਸ਼ਤ ਨੰ. 2**

ਇਸ ਪੇਸ਼ਕਾਰੀ ਵਿੱਚ ਲੋਕ-ਚੇਤਨ ਅਤੇ ਅਵਚੇਤਨ ਮਨ ਦੀਆਂ ਸਰਬ-ਸਾਂਝੀਆਂ ਭਾਵਨਾਵਾਂ, ਚਾਹਤਾਂ, ਖੁਸ਼ੀਆਂ ਖੇੜਿਆਂ ਦਾ ਪ੍ਰਗਟਾਵਾ ਹੁੰਦਾ ਹੈ, ਜੋ ਕਿਸੇ ਵੀ ਖੇਤਰ ਦੇ ‘ਲੋਕਾਂ’ ਦੀ ਲੌਕਿਕ, ਪਾਰਲੌਕਿਕ ਸਭਿਆਚਾਰਕ, ਸਮਾਜਿਕ ਜੀਵਨ, ਸ਼ੈਲੀ ਦੀ ਅਨਿੱਖੜਵਾ ਅੰਗ ਬਣ ਚੁੱਕਾ ਹੁੰਦਾ ਹੈ ਅਤੇ ਅਗਾਂਹ ਪ੍ਰਵਾਹ ਮਾਨ ਹੋ ਰਿਹਾ ਹੁੰਦਾ ਹੈ।

ਜੰਮੂ-ਕਸ਼ਮੀਰ ਦੀ ਲੋਕ-ਨਾਚ ਪਰੰਪਰਾ ਨੂੰ ਲੇਖਕ ਨੇ ਉਥੋਂ ਦੇ ਭੂਗੋਲਿਕ, ਸਮਾਜਕ-ਸਭਿਆਚਾਰਕ ਅਤੇ ਇਤਿਹਾਸਕ ਸੰਦਰਭ ਵਿੱਚ ਵਿਸਥਾਰ ਸਹਿਤ ਵਰਣਨ ਕੀਤਾ ਹੈ। ਇਹ ਪ੍ਰਾਂਤ ਭਾਰਤ ਦੇ ਨਕਸ਼ੇ ਉਪਰ ਭਾਰਤ ਦੇ ਮੁਕਟ ਵਜੋਂ ਵੇਖਿਆ ਜਾਂਦਾ ਹੈ ਅਤੇ ਇਸ ਨੂੰ ਕੁਦਰਤ ਵੱਲੋਂ ਸ਼ਿੰਗਾਰਿਆ-ਸੁਆਰਿਆ ਗਿਆ ਹੋਇਆ ਹੈ। ਇਸ ਪ੍ਰਾਂਤ ਨੂੰ ਧਰਤੀ ਦਾ ਸਵਰਗ ਵੀ ਆਖਿਆ ਜਾਂਦਾ ਹੈ। ਵਿਭਿੰਨ ਜਾਤੀਆਂ ਦੇ ਲੋਕ ਪਹਾੜੀ, ਮੈਦਾਨੀ ਅਤੇ ਅਰਧ-ਪਹਾੜੀ ਖੇਤਰ ’ਚ ਵੱਸਦੇ ਹਨ। ਕਸ਼ਮੀਰੀ, ਉਰਦੂ, ਡੋਗਰੀ, ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਕੁਝ ਹੋਰ ਉਪ-ਬੋਲੀਆਂ ਪ੍ਰਚਲਿਤ ਹਨ। ਪੰਜਾਬ, ਹਿਮਾਚਲ ਅਤੇ ਪਾਕਿਸਤਾਨ ਦੇ ਖੇਤਰਾਂ ਨਾਲ ਇਸੇ ਦੀ ਭੂਗੋਲਿਕ ਸੀਮਾ ਲੱਗਦੀ ਹੈ। ਹਰਿਆਵਲ ਭਰਿਆ, ਕਿਤੇ ਬਰਫ਼ਾਨੀ ਝੋਟੀਆਂ ਵਾਲਾ ਇਹ ਖੇਤਰ ਫ਼ਲਾਂ-ਫੁੱਲਾਂ ਅਤੇ ਪਸ਼ਮੀਨਾ, ਵਧੀਆ ਦਰਜੇ ਦੀ ਸ਼ਿਲਪਕਾਰੀ ਲੋਕ, ਸੰਸਕ੍ਰਿਤੀ ਦੀ ਆਭਾ ਦੁਨੀਆ ਭਰ ’ਚ ਵਿਲੱਖਣ ਹੈ। ਲੋਕ ਕਲਾਵਾਂ ਦਿਲਚਸਪ ਹਨ। ਲੋਕ-ਨਾਚ ਜੰਮੂ-ਕਸ਼ਮੀਰ ਖੇਤਰ ਦੇ ਸਭਿਆਚਾਰ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ।

ਡਾ. ਜਗੀਰ ਸਿੰਘ ਨੂਰ ਨੇ ਇਸ ਖੇਤਰ ਦੀ ਉਕਤ ਪਛਾਣ ਕਰਵਾਉਣ ਨੂੰ ਵਿਸਥਾਰ ਪੂਰਵ ਵਿਅਕਤ ਕੀਤਾ ਹੈ ਅਤੇ ਇਸ ਪ੍ਰਾਂਤ ਦੇ ਲੋਕ-ਨਾਚਾਂ ਨੂੰ ਚਾਰ ਖੇਤਰੀ ਵਰਗ ਵੰਡ ਤਹਿਤ ਬਿਆਨ ਕੀਤਾ ਹੈ। ਇਹ ਚਾਰ ਵਰਗ ਹਨ:

1. ਜੰਮੂ ਖੇਤਰ ਦੇ ਲੋਕ-ਨਾਚ
2. ਕਸ਼ਮੀਰ ਖੇਤਰ ਦੇ ਲੋਕ-ਨਾਚ
3. ਲੱਦਾਖ ਖੇਤਰ ਦੇ ਲੋਕ ਨਾਚ
4. ਪੁਣਛ ਖੇਤਰ ਦੇ ਲੋਕ ਨਾਚ।

ਇਨ੍ਹਾਂ ਸਭਨਾਂ ਖੇਤਰਾਂ ਦੇ ਲੋਕਾਂ ਨੇ ਆਪਣੇ-ਆਪਣੇ ਖੇਤਰ ਦੇ ਲੋਕ-ਨਾਚਾਂ ਵਿੱਚ ਕਿਹੜੀ ਕਿਹੜੀ ਭਿੰਨਤਾ ਅਤੇ ਸਾਂਝ ਪ੍ਰਗਟ ਕੀਤੀ ਹੈ। ਨਾਚ ਮੁਦਰਾਵਾਂ ਅਤੇ ਨਾਚ-



ਗੀਤਾਂ ਵਿੱਚ ਵਿਭਿੰਨਤਾ ਕਿਵੇਂ ਆਈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਡਾ. ਨੂਰ ਦੇ ਲੋਕ-ਨਾਚਾਂ ਦੇ ਵਿਵਰਣ ਤੋਂ ਪਹਿਲਾਂ, ਉਕਤ-ਖੇਤਰਾਂ ਦੀਆਂ ਭੂਗੋਲਿਕ ਹੱਦ ਬੰਦੀਆਂ, ਉਥੋਂ ਦੇ ਰਾਜਸੀ ਪ੍ਰਸ਼ਾਸਨਿਕ ਉਥਲ ਪੁਥਲ, ਧਾਰਮਿਕ ਸਮਾਜਿਕ ਜੀਵਨ ਦੇ ਮੂੱਲ ਵਿਧਾਨ (ਜੋ ਲੋਕ ਨਾਚਾਂ ਦਾ ਸਰੂਪ ਨਿਰਧਾਰਤ ਕਰਦੇ ਹਨ) ਨੂੰ ਅੰਕਿਤ ਕੀਤਾ ਹੈ। ਦਰਸਾਇਆ ਗਿਆ ਹੈ ਕਿ ਇਹ ਸੁਭਾਵਿਕ ਹੈ ਕਿ ਪਹਾੜੀ, ਮੈਦਾਨੀ, ਬਰਫ਼ੀਲੇ, ਢਲਾਨਾਂ ਵਾਲੇ ਖੇਤਰਾਂ ’ਚ ਨਾਚ-ਮੁਦਰਾਵਾਂ ਬਦਲ ਜਾਂਦੀਆਂ ਹਨ ਅਤੇ ਭਾਸ਼ਾਈ ਪੱਧਰ ’ਤੇ ਵੀ ਤਬਦੀਲੀਆਂ ਆ ਜਾਂਦੀਆਂ ਹਨ। ਪਹਿਰਾਵਾ, ਹਾਰ-ਸ਼ਿੰਗਾਰ ਵੀ ਤਬਦੀਲ ਹੋ ਜਾਂਦਾ ਹੈ। ਇਹ ਸਾਰੇ ਲੋਕ, ਵਧੇਰੇ ਤਰ ਬੱਚੇ ਦੇ ਜਨਮ, ਵਿਆਹ ਅਤੇ ਧਾਰਮਿਕ ਇਸ਼ਠਾਂ ਦੀ ਪੂਜਾ-ਅਰਚਨਾ ਨਾਲ ਸੰਬੰਧਿਤ ਲੋਕ-ਨਾਚ, ਨੱਚਦੇ ਹਨ।

ਕੁੰਡ, ਫੁੰਮਣੀਆਂ, ਬਾਰਾਂ ਤਾਲੀ, ਗੁੱਗਾ-ਨਾਚ, ਜਗਰਨਾ, ਮੱਘਾ (ਬਾਘਾ), ਡਾਂਗੀ, ਗੱਦੀ, ਸੁਹਾਰ, ਸੁਹਾੜੀ ਢੌਂਕੀ, ਨਿਚਲੀ ਮਿੱਧ, ਧਮੱਕੜਾ, ਛੱਲਾ, ਭੰਗੜਾ ਆਦਿ ਜੰਮੂ ਖੇਤਰ ਦੇ ਵਿੱਚ ਖੂਬ ਪ੍ਰਚਲਿਤ ਰਹੇ ਲੋਕ-ਨਾਚ ਹਨ। ਇਸੇ ਤਰ੍ਹਾਂ ਕਸ਼ਮੀਰ ‘ਖੇਤਰ’ ਜਿਸ ਨੂੰ ਧਰਤੀ ਦਾ ਸਵਰਗ ਆਖਿਆ ਜਾਂਦਾ ਹੈ। ਇਥੋਂ ਦੀਆਂ ਕਲਾਵਾਂ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ, ਫਲਾਂ-ਫੁੱਲਾਂ ਦੀ ਧਰਤੀ ’ਤੇ ਭਾਵੇਂ ਲੋਕਾਂ ਦੀ ਜੀਵਨ ਸ਼ੈਲੀ ਸੁਖੈਨ ਨਹੀਂ ਪਰ ਫਿਰ ਵੀ ਇਨ੍ਹਾਂ ਲੋਕਾਂ ਨੇ ਬਹੁਤ ਸਾਰੇ ਮਨੋਰੰਜਨ ਦੇ ਸਾਧਨਾਂ ਨੂੰ ਜਨਮਿਆ ਹੈ। ਇਥੋਂ ਦੇ ਪ੍ਰਸਿੱਧ ਲੋਚ ਨਾਚਾਂ ਵਿੱਚੋਲੇ ਰੌਫ਼, ਬੱਚ- ਨਗਾਮ, ਹਿਕਟ, ਦਮਾਨਿਆ, ਧਮਾਲੀ, ਹਿਕਾਤ, ਵਸਵਨ, ਸ਼ਿਕਾਰੀ ਆਦਿ ਹਰਮਨ ਪਿਆਰ ਲੋਕ ਨਾਚ ਪ੍ਰਚਲਿਤ ਰਹੇ ਹਨ। ਜਿਥੋਂ ਤੱਕ ਲੱਦਾਖ ਖੇਤਰ ਦਾ ਸੰਬੰਧ ਹੈ, ਇਸ ਦੇ ਨਾਲ ਲੇਹ-ਖੇਤਰ ਵੀ ਜੁੜਿਆ ਹੋਇਆ ਹੈ। ਇਸ ਖੇਤਰ ਦੇ ਲੋਕ-ਨਾਚਾਂ ਤੇ ਵਧੇਰੇ ਤਰ ਧਰਮ, ਅਨੁਸੂਚਨਾਵਾਂ ਦਾ ਪ੍ਰਭਾਵ ਹੈ। ਬੁੱਧ ਧਰਮ ਨੂੰ ਮੰਨਣ ਵਾਲੇ ਵਧੇਰੇ ਲੋਕ ਹਨ ਇਨ੍ਹਾਂ ਦੇ ਪ੍ਰਸਿੱਧ ਲੋਕ ਨਾਚਾਂ ਦਾ ਜ਼ਿਕਰ ਡਾ. ਨੂਰ ਨੇ ‘ਮਖੌਟਾ’ ਲੋਕ-ਨਾਚ, ਉੜੀ, ਸ਼ੋਡਰਜੇਬ, ਕੋਸ਼ਡਰ ਢੇਸ, ਤ੍ਰਿਪਨਾਰਚੇਬ, ਨਯਾਵੋਪਰਚੇਸ ਛਮ, ਜਬਰ ਆਦਿ ਲੋਕ ਨਾਚਾਂ ਦੀ ਪ੍ਰਸੰਗਤਾ ਵਿੱਚ ਸਮੇ ਇਨ੍ਹਾਂ ਲੋਕਾਂ ਦੀਆਂ ਮੰਨਣ-ਮਨੌਤਾਂ, ਦੇਵੀ-ਦੇਵਤਿਆਂ ਦੀ ਪੂਜਾ ਸਮੇਂ ਕੀਤੀ ਜਾਂਦੀਆਂ ਸਰੀਰਕ ਮੁਦਰਾਵਾਂ ਦਾ ਵਰਣਨ ਪੇਸ਼ ਕੀਤਾ ਹੈ। ਪੁਣਛ ਦਾ ਖੇਤਰ ਜੰਮੂ-ਕਸ਼ਮੀਰ ਪ੍ਰਾਂਤ ਦਾ ਵੀ ਮਹੱਤਵਪੂਰਨ ਖੇਤਰ ਹੈ, ਪਾਕਿਸਤਾਨੀ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹੇ ਨਾਲ ਲਗਦਾ, ਏਧਰੋਂ ਜੰਮੂ ਸ੍ਰੀਨਗਰ ਤੋਂ ਰਸਤਾ ਨਿਕਲਣ ਵਾਲਾ ਹੈ। ਸਰਹੱਦੀ ਖੇਤਰ ਹੋਣ ਦੇ ਬਾਵਜੂਦ ਇਥੋਂ ਦੇ ਲੋਕਾਂ ਨੇ ਹੋਰ ਕਲਾਵਾਂ ਵਾਂਗ ਬੜੇ ਰੌਚਕ ਲੋਕ-ਨਾਚਾਂ ਨੂੰ ਵੀ ਅਪਨਾਇਆ ਹੋਇਆ ਹੈ। ਇਥੋਂ ਦੇ ਪ੍ਰਸਿੱਧ ਲੋਕ ਨਾਚਾਂ ਵਿੱਚ ਵਿਸ਼ੇਸ਼ਤਰ ਭੰਗੜਾ ਗਿੱਧਾ, ਸੋਗੜੀ, ਜਾਗਰਨਾ, ਮੈਰਮ, ਫੁੰਮਣੀਆਂ ਅਤੇ ਹੋਰ ਉਹ ਲੋਕ ਨਾਚ ਵੀ ਹੀ ਜੋ ਪੰਜਾਬ ਜੰਮੂ ਨੇੜੇ ਦੇ ਖੇਤਰਾਂ ਵਿੱਚ ਪ੍ਰਚਲਿਤ ਹਨ।

ਡਾ. ਜਗੀਰ ਸਿੰਘ ਨੂਰ ਨੇ ਇਨ੍ਹਾਂ ਸਭਨਾਂ ਖੇਤਰਾਂ ਦੇ ਲੋਕ ਨਾਚਾਂ ਨੂੰ ਇਨ੍ਹਾਂ ਵਿਚਲੀਆਂ ਮੁਦਰਾਵਾਂ, ਇਨ੍ਹਾਂ ਦੇ ਪ੍ਰਦਰਸ਼ਨ ਸਮੇਂ ਗਾਏ ਜਾਣ ਵਾਲੇ ਲੋਕ ਗੀਤਾਂ (ਬੋਲਾਂ) ਪਹਿਰਾਵੇ ਅਤੇ ਹਾਰ ਸ਼ਿੰਗਾਰ ਦਾ ਵੀ ਬਾਰੀਕੀ ਨਾਲ ਵੇਰਵਾ ਦਿੱਤਾ ਹੈ ਅਤੇ ਪ੍ਰਾਂਤ ਜੰਮੂ-ਕਸ਼ਮੀਰ ਦੇ ਸਮੂਹ ਲੋਕਾਂ ਦੀ ਅਮੀਰ ਵਿਰਾਸਤ ਨੂੰ ਵੀ ਦਰਸਾਇਆ ਹੈ।

ਹਿਮਾਚਲ ਪ੍ਰਦੇਸ਼ ਦੇ ਲੋਕ ਨਾਚਾਂ ਦਾ ਜ਼ਿਕਰ ਕਰਨ ਤੋਂ ਪਹਿਲਾਂ ਲੇਖਕ ਨੇ ਇਸ ਖੇਤਰ ਦੀਆਂ ਸਮੇਂ-ਸਮੇਂ ਬਦਲ ਜਾਂਦੀਆਂ ਰਹੀਆਂ ਹੱਦ-ਬੰਦੀਆਂ, ਪ੍ਰਸ਼ਾਸਨਿਕ ਅਤੇ ਰਾਜਨੀਤਕ ਬਦਲਾਵ ਤੋਂ ਛੁੱਟ ਲੋਕਾਂ ਦੀ ਸਮਾਜਿਕ ਸਭਿਆਚਾਰਕ ਜੀਵਨ ਸ਼ੈਲੀ ਨੂੰ ਦਰਸਾਇਆ ਹੈ।

◆◆◆

## ਕੁਦਰਤ ਦੀ ਗੋਦ

**-ਇੰਜੀਨੀਅਰ ਸਤਪਾਲ ਸਿੰਘ**

ਬੇਗੋਵਾਲ (ਕਪੂਰਥਲਾ) ਤੋਂ ਟਾਂਡਾ (ਹੁਸ਼ਿਆਰਪੁਰ) ਸੜਕ ਦੇ ਸੱਜੇ ਪਾਸੇ ਗੁਰਦੁਆਰਾ ਪੁੱਲ ਪੁੱਖਤਾ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇਹ ਗੁਰਦੁਆਰਾ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਉਸਾਰਿਆ ਗਿਆ ਹੈ। ਸੰਨ 1635 ਵਿੱਚ ਗੁਰੂ ਜੀ ਦੀ ਮੁਗਲਾਂ ਨਾਲ ਕਰਤਾਰਪੁਰ ਦੀ ਲੜਾਈ ਹੋਈ। ਉਸ ਸਮੇਂ ਗੁਰੂ ਜੀ ਵਿਭਿੰਨ ਪਿੰਡਾਂ ਦਾ ਦੌਰਾ ਕਰ ਰਹੇ ਸਨ, ਉਹਨਾਂ ਦੇ ਪੈਰੋਕਾਰ ਵੱਡੀ ਗਿਣਤੀ ਵਿੱਚ ਸਾਥ ਦੇਣ ਲਈ ਜੁੜ ਰਹੇ ਸਨ। ਗੁਰੂ ਜੀ ਵੇਈਂ ਨਦੀ ਦੇ ਕਿਨਾਰੇ ਰੁੱਖਾਂ ਹੇਠ ਰੁੱਕ ਗਏ ਅਤੇ ਆਪਣਾ ਘੋੜਾ ਇੱਕ ਰੁੱਖ ਦੇ ਮੁੱਢ ਨਾਲ ਬੰਨ ਦਿੱਤਾ। ਗੁਰੂ ਜੀ ਦੇ ਪੈਰੋਕਾਰਾਂ ਲਈ ਇਹ ਸਥਾਨ ਇਤਿਹਾਸਕ ਬਣ ਗਿਆ ਜੋ ਗੁਰੂ ਨਾਨਕ ਸਾਹਿਬ ਦੇ ਚਰਨ ਛੋਹ ਪ੍ਰਾਪਤ ਪਵਿੱਤਰ ਵੇਈਂ ਦੇ ਕਿਨਾਰੇ ਹੈ।

ਮੇਰੇ ਮਨ ਵਿੱਚ ਲੰਬੇ ਸਮੇਂ ਤੋਂ ਉਤਸੁਕਤਾ ਸੀ ਕਿ ਗੁਰਦੁਆਰਾ ਪੁੱਲ ਪੁੱਖਤਾ ਦੇ ਦਰਸ਼ਨ ਦੀਦਾਰੇ ਕਰਨੇ ਹਨ। ਮੈਂ ਅਤੇ ਆਈ.ਸੀ. ਨੰਦਾ ਪੁਰਸਕਾਰ ਜੇਤੂ ਸੱਤ ਪੁਸਤਕਾਂ ਦਾ ਰਚੇਤਾ ਨਾਟਕਕਾਰ ਪ੍ਰੋ. ਸਤਵਿੰਦਰ ਬੇਗੋਵਾਲੀਆ ਉਚੇਚੇ ਤੌਰ 'ਤੇ ਗੁਰਦੁਆਰਾ ਪੁੱਲ ਪੁੱਖਤਾ ਵਿਖੇ ਪਹੁੰਚ ਗਏ। ਕਈ ਲੋਕ ਇਸ ਸਥਾਨ ਨੂੰ ਗੁਰਦੁਆਰਾ ਪੱਕਾ ਪੁਲ ਵੀ ਕਹਿੰਦੇ ਹਨ। ਇਸ ਸਥਾਨ ਤੇ ਪਹੁੰਚਦੇ ਹੀ ਜਾਪਿਆ ਜਿਵੇਂ ਅਸੀਂ ਕੁਦਰਤ ਦੀ ਗੋਦ ਵਿਚ ਆ ਬਿਰਾਜੇ ਹਾਂ। ਗੁਰਦੁਆਰਾ ਸਾਹਿਬ ਦੇ ਬਾਹਰ ਅਤੇ ਅੰਦਰ ਗ਼ਮਲਿਆਂ ਵਿੱਚ ਲਗਾਏ ਫੁੱਲਾਂ ਦੇ ਦ੍ਰਿਸ਼ ਨੇ ਮਨ ਨੂੰ ਮੋਹ ਲਿਆ। ਵਿਲੀਅਮ ਵਰਡਜਵਰਥ ਦੀਆਂ ਸਤਰਾਂ ਯਾਦ ਆ ਗਈਆਂ। Nature never did betray the heart that loved her"

ਚਾਰ ਚੁਫ਼ੇਰੇ ਫੁੱਲਾਂ ਦੀਆਂ ਮਹਿਕਾਂ ਹੀ ਮਹਿਕਾਂ। ਦੂਜੇ ਪਾਸੇ ਵੇਈਂ ਦਾ ਨਜ਼ਾਰਾ- ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹਤ (ਗੁਰੂ ਨਾਨਕ) ਗੁਰੂ ਗ੍ਰੰਥ ਸਾਹਿਬ ਨੂੰ ਸਿਜਦਾ ਕੀਤਾ, ਦਿਲ ਨੂੰ ਟੁੰਬਣ ਵਾਲਾ ਸ਼ਬਦ ਗਾਇਣ ਸੁਣਿਆ। ਲੰਗਰ ਹਾਲ ਵਿੱਚ ਬੜੇ ਆਨੰਦਿਤ ਹੋਏ ਸਵਾਦੀ ਲੰਗਰ ਛਕਿਆ। ਸੰਗਤ ਅਤੇ ਪੰਗਤ ਦਾ ਮਨਮੋਹਣਾ ਰੂਪ ਦੇਖਿਆ। ਜਦ ਅਸੀਂ ਵਾਪਸ ਚੱਲੇ ਤਾਂ ਮਨ ਭਾਵੁਕ ਹੋ ਗਿਆ। ਸੱਚਮੁੱਚ ਇਹ ਸਥਾਨ ਧਰਤੀ 'ਤੇ ਸਵਰਗ ਵਾਂਗ ਹੈ।

◆◆◆



# ਸਮੀਖਿਆ

## ਪੱਥਰਾਂ ਦੇ ਘਰ

**ਲੇਖਕ : ਲਖਵੀਰ ਨਡਾਲੀ**
**ਪ੍ਰਕਾਸ਼ਕ : ਸੁੰਦਰ ਬੁੱਕ ਡਿੱਪੂ, ਜਲੰਧਰ**
**ਮੁੱਲ : 200 ਰੁਪਏ, ਸਫ਼ੇ : 72**
**ਸੰਪਰਕ : 97790-99315**

'ਪੱਥਰਾਂ ਦੇ ਘਰ' ਕਾਵਿ-ਸੰਗ੍ਰਹਿ ਲਖਵੀਰ ਨਡਾਲੀ ਦਾ ਪਲੇਠਾ ਕਾਵਿਸੰਗ੍ਰਹਿ ਅਤੇ ਮਿੰਨੀ ਕਹਾਣੀ-ਸੰਗ੍ਰਹਿ ਹੈ। ਇਸ ਪੁਸਤਕ ਵਿਚ ਉਸ ਨੇ 'ਕੱਖਾਂ ਦੀਆਂ ਕੁੱਲੀਆਂ' ਤੋਂ ਲੈ ਕੇ 'ਇਨਕਲਾਬ ਦੇ ਬੂਟੇ ਤੱਕ 31 ਕਾਵਿਕ-ਰਚਨਾਵਾਂ ਅਤੇ 'ਕਰਜ਼ਾ' ਤੋਂ ਲੈ ਕੇ 'ਸ਼ਕਤੀ ਤੱਕ 10 ਮਿੰਨੀ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਤਤਕਾਲੀ ਸਮੇਂ ਦੀ ਸਮਾਜਿਕ, ਸਾਹਿਤਕ, ਆਰਥਿਕ, ਰਾਜਨੀਤਕ, ਧਾਰਮਿਕ ਖੇਤਰ ਵਿਚ ਵਾਪਰਦੀਆਂ ਦੁੱਖਦਾਈ ਘਟਨਾਵਾਂ ' ਨਾਲ ਜੁੜੇ ਸਰੋਕਾਰਾਂ ਨੂੰ ਪੇਸ਼ ਕਰਨ ਦਾ ਉਚੇਚਾ ਯਤਨ ਕੀਤਾ ਗਿਆ ਹੈ। ਕਾਵਿਕ ਰਚਨਾਵਾਂ ਵਿਚ ਗੀਤ ਅਤੇ ਛੰਦ-ਬੱਧ ' ਰਚਨਾਵਾਂ ਹਨ, ਜੋ ਪਾਠਕ ਦਾ ਧਿਆਨ ਖਿੱਚਦੀਆਂ ਹਨ। ਸਮਾਜਿਕ ਰਿਸ਼ਤਿਆਂ ਮਾਤਾ, ਪਿਤਾ, ਭੈਣ, ਭਰਾ, ਚਾਚੇ- ਤਾਏ, ਮਾਮੇ-ਮਾਮੀਆਂ, ਦਾਦਾ-ਦਾਦੀ, ਨਾਨਾ-ਨਾਨੀ ਨੂੰ ਸੱਭਿਆਚਾਰਕ ਪਿਛੋਕੜ ਵਿਚ ਪੇਸ਼ ਕੀਤਾ ਗਿਆ ਹੈ। ਪ੍ਰਕਿਰਤੀ ਦੇ ਖਿਲਵਾੜ ਨਾਲ ਧਰਤ ਸੁਹਾਵੀਏ', 'ਕੁਦਰਤ ਨਾਲ ਖਿਲਵਾੜ ਅਤੇ ਪਾਣੀ ਕਵਿਤਾਵਾਂ ਸੰਬੰਧਿਤ ਹਨ। ਰੁੱਖ-ਮਨੁੱਖ ਦਾ ਰਿਸ਼ਤਾ ਅਜਲੀ ਹੈ, ਇਸ ਦੀ ਮਹੱਤਤਾ ਨੂੰ ਪਛਾਨਣ ਦੀ ਲੋੜ ਨੂੰ ਵੀ ਇਨ੍ਹਾਂ ਕਵਿਤਾਵਾਂ 'ਚ ਪੇਸ਼ ਕੀਤਾ ਗਿਆ ਹੈ। ਮਨੁੱਖੀ ਜੀਵਨ 'ਚ 'ਧਰਤੀ', 'ਪਾਣੀ, 'ਹਵਾ ਦਾ ਵਿਸ਼ੇਸ਼ ਯੋਗਦਾਨ ਹੈ। ਬਾਬੇ ਨਾਨਕ' ਦੀ ਬਾਣੀ ਦੇ ਹਵਾਲੇ ਨਾਲ ਦਿੱਤੀਆਂ ਹੇਠ ਲਿਖੀਆਂ ਸਤਰਾਂ ਵਿਚਾਰਨਯੋਗ ਹਨ :

ਪਵਨ ਗੁਰੂ ਪਾਣੀ ਪਿਤਾ
ਸੱਚੀ ਗੱਲ ਕਹਿੰਦੀ ਹੈ ਬਾਣੀ।

ਪਦਾਰਥਕ ਸੁੱਖਾਂ ਨੇ ਮਨੁੱਖੀ ਰਿਸ਼ਤਿਆਂ 'ਚ ਤੇੜਾਂ ਅਤੇ ਕੁੜੱਤਣ ਭਰਿਆ ਘੁਟਨ ਦਾ ਵਾਤਾਵਰਨ ਸਿਰਜ ਦਿੱਤਾ ਹੈ। ਸਮੂਹ ਦੀ ਭਲਾਈ ਦੀ ਥਾਂ ਨਿੱਜਤਾ ਪ੍ਰਧਾਨ ਹੋ ਗਈ ਹੈ ਪਰ ਕਵੀ ਸ਼ਬਦਾਂ ਰਾਹੀਂ ਇਸ ਘੁਟਨ ਭਰੇ ਮਾਹੌਲ 'ਚੋਂ 'ਪੱਥਰਾਂ ਦੇ ਘਰ' ਦੀਆਂ ਇਨ੍ਹਾਂ ਸਤਰਾਂ ਰਾਹੀਂ ਨਿਕਲਣ ਦੀ ਪ੍ਰੇਰਨਾ ਦਿੰਦਾ ਹੈ : ਪੱਥਰਾਂ ਦੇ ਘਰ ਬੱਸ ਪੱਥਰ ਜਿਹੇ ਬਣੇ ਲੋਕ ਸੀ /ਤਾਹੀਓਂ ਹਵਾ ਵਿਚ ਵੀ ਮੈਂ ਰੰਗਾਂ ਨੂੰ ਘੋਲਦਾ ਰਿਹਾ (ਪੰਨਾ-34) ਉਹ ਸਮਾਜਿਕ ਰਿਸ਼ਤਿਆਂ 'ਚ 'ਮਾਂ' ਦੇ ਰਿਸ਼ਤੇ ਨੂੰ ਸਰਬੋਤਮ ਮੰਨਦਾ ਹੈ ਜੋ ਆਪਣੀ ਔਲਾਦ ਦੇ ਭਲੇ ਹਿੱਤ ਹਮੇਸ਼ਾ ਹੱਸ-ਹੱਸ ਕੇ ਦੁੱਖੜੇ ਸਹਿੰਦੀ ਹੈ। ਕਹਾਣੀਆਂ 'ਚ ਵੀ ਉਪਰੋਕਤ ਵਰਣਿਤ ਵਿਸ਼ਿਆਂ ਦੀ ਪੇਸ਼ਕਾਰੀ ਹੈ। ਪੁਸਤਕ 'ਚ ਕਈ ਥਾਈਂ ਸ਼ਬਦ-ਜੋੜ ਸੁਨੇਹੇ ਨੂੰ ਸੰਕੋਚਦੇ ਹਨ। ਸਰਲ ਸਪੱਸ਼ਟ ਅਤੇ ਸਾਦਗੀ ਵਾਲੀ ਪੇਂਡੂ ਪਿਛੋਕੜ ਵਾਲੀ ਬੋਲੀ-ਸ਼ੈਲੀ ਪ੍ਰਭਾਵਿਤ ਕਰੀ ਹੈ।

**ਸੰਧੂ ਵਰਿਆਣਵੀ** (ਪ੍ਰੋ.)
**ਮੋਬਾਈਲ** : 98786-14096